ਆਇਰਿਸ਼ ਨੈਚੁਰਾਲਾਈਜੇਸ਼ਨ ਅਤੇ ਇਮੀਗ੍ਰੇਸ਼ਨ ਸਰਵਿਸ ਅੰਤਰਰਾਸ਼ਟਰੀ

ਸੁਰੱਖਿਆ ਦਫ਼ਤਰ

# ਅੰਤਰਰਾਸ਼ਟਰੀ ਸੁਰੱਖਿਆ ਲਈ ਬਿਨੈਕਾਰਾਂ ਲਈ ਸੂਚਨਾ ਪੁਸਤਿਕਾ

ਕਿਰਪਾ ਕਰਕੇ ਆਪਣੀ ਅੰਤਰਰਾਸ਼ਟਰੀ ਸੁਰੱਖਿਆ ਪ੍ਰਸ਼ਨਾਵਲੀ ਵਿੱਚ ਭਰਨਾ ਸ਼ੁਰੂ ਕਰਨ ਤੋਂ ਪਹਿਲਾਂ ਇਸ ਪੁਸਤਿਕਾ ਵਿੱਚ ਸਾਰੀ ਜਾਣਕਾਰੀ ਨੂੰ ਪੜ੍ਹੋ

# ਇਸ ਪੁਸਤਿਕਾ ਦਾ ਉਦੇਸ਼

ਇਹ ਜਾਣਕਾਰੀ ਪੁਸਤਿਕਾ ਆਇਰਲੈਂਡ ਵਿੱਚ ਅੰਤਰਰਾਸ਼ਟਰੀ ਸੁਰੱਖਿਆ ਲਈ ਅਰਜ਼ੀਆਂ ਤੇ ਪ੍ਰਤੀਕਿਰਿਆ ਲਈ ਪ੍ਰਕਿਰਿਆਵਾਂ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰੇਗੀ। ਇਹ ਪੁਸਤਿਕਾ ਇਹ ਵੀ ਵਿਆਖਿਆ ਕਰੇਗੀ ਕਿ ਤੁਹਾਡੇ ਅਧਿਕਾਰ ਅਤੇ ਕਰਤੱਵ ਕੀ ਹਨ ਅਤੇ ਤੁਹਾਨੂੰ ਅਰਜ਼ੀ, ਪ੍ਰੀਖਿਆ ਅਤੇ ਸੁਝਾਵ/ ਸੁਦ੍ਰਿੜ੍ਹੀਕਰਣ ਪ੍ਰਕਿਰਿਆ ਦੌਰਾਨ ਕਿਨ੍ਹਾਂ ਨਾਲ ਕੰਮ ਕਰਨਾ ਪਏਗਾ। ਇਹ ਪੁਸਤਿਕਾ ਦੂਜੀਆਂ ਭੂਮਿਕਾਵਾਂ ਤੇ ਬਣੇ ਰਹਿਣ ਲਈ ਸਵੀਕ੍ਰਿਤੀ ਦੇਣ ਬਾਰੇ ਵੀ ਜਾਣਕਾਰੀ ਪ੍ਰਦਾਨ ਕਰਦੀ ਹੈ।

# ਮਹੱਤਵਪੂਰਣ ਨੋਟ

ਤੁਹਾਨੂੰ ਇਹ ਜਾਣਕਾਰੀ ਪੁਸਤਿਕਾ ਰੱਖਣੀ ਚਾਹੀਦੀ ਹੈ ਤਾਂ ਕਿ ਤੁਸੀਂ ਇਸ ਨੂੰ ਵਾਪਸ ਦੇਖ ਸਕੋ ਜਦੋਂ ਤੁਹਾਡੀ ਅਰਜ਼ੀ ਤੇ ਪ੍ਰਕਿਰਿਆ ਕੀਤੀ ਜਾਂਦੀ ਹੈ।

ਜਦੋਂ ਆਪਣੀ ਅੰਤਰਰਾਸ਼ਟਰੀ ਸੁਰੱਖਿਆ ਅਰਜ਼ੀ ਦੇ ਰਹੇ ਹੋ, ਤਾਂ ਤੁਸੀਂ ਇੱਕ ਕਾਨੂੰਨੀ ਪ੍ਰਕਿਰਿਆ ਵਿੱਚ ਦਾਖਲ ਹੋ ਰਹੇ ਹੋ। ਅਰਜ਼ੀ, ਪ੍ਰੀਖਿਆ ਅਤੇ ਸੁਝਾਵ/ ਸੁਦ੍ਰਿੜ੍ਹੀਕਰਣ ਦੀ ਪ੍ਰਕਿਰਿਆ ਦੇ ਹਿੱਸੇ ਵਜੋਂ ਉਹ ਦਸਤਾਵੇਜ਼ਜਿਸਨੂੰ ਤੁਹਾਨੂੰ ਪੂਰਾ ਕਰਨ ਅਤੇ ਉਹ ਜਾਣਕਾਰੀ ਜਿਸਨੂੰ ਤੁਹਾਨੂੰ ਪ੍ਰਦਾਨ ਕਰਨ ਦੀ ਲੋੜ ਹੈ ਇਸ ਪ੍ਰਕਿਰਿਆ ਦਾ ਕੇਂਦਰ ਹਨ। ਇਸ ਲਈ, ਇਹ ਬਹੁਤ ਮਹੱਤਵਪੂਰਣ ਹੈ ਕਿ ਤੁਸੀਂ ਹੇਠਾਂ ਦਿੱਤੀ ਗਈ ਜਾਣਕਾਰੀ ਨੂੰ ਪੂਰੀ ਤਰ੍ਹਾਂ ਨਾਲ ਪੜ੍ਹੋ ਅਤੇ ਲੋੜ ਅਨੁਸਾਰ ਕਾਨੂੰਨ ਸੁਝਾਵ ਲਓ ਤਾਂ ਕਿ ਤੁਸੀਂ ਆਪਣੀ ਅਰਜ਼ੀ ਨੂੰ ਸਮਰਥਨ ਦੇਣ ਦੀ ਪੋਜੀਸ਼ਨ ਵਿੱਚ ਹੋਵੋ। ਤੁਹਾਨੂੰ ਅੰਤਰਰਾਸ਼ਟਰੀ ਸੁਰੱਖਿਆ ਦਫ਼ਤਰ (IPO) ਨਾਲ ਸਹਿਯੋਗ ਕਰਨਾ ਚਾਹੀਦਾ ਹੈ। ਅਜਿਹਾ ਨਾ ਕਰਨ ਤੇ ਤੁਹਾਡੀ ਅਰਜ਼ੀ ਦੇ ਸਿੱਟੇ ਲਈ ਪ੍ਰਤੀਕੂਲ ਕਾਨੂੰਨੀ ਨਤੀਜੇ ਹੋ ਸਕਦੇ ਹਨ।

ਅੰਤਰਰਾਸ਼ਟਰੀ ਸੁਰੱਖਿਆ ਦੇ ਨਾਲ ਨਾਲ ਆਇਰਲੈਂਡ ਵਿੱਚ ਬਣੇ ਰਹਿਣ ਅਤੇ ਪਰਿਵਾਰ ਦੇ ਪੁਨਰਮਿਲਣ ਦੀ ਸਵੀਕ੍ਰਿਤੀ ਲਈ ਅਰਜ਼ੀਆਂ ਦੀ ਜਾਂਚ ਅਤੇ ਸੁਦ੍ਰਿੜ੍ਹੀਕਰਣ ਦੇ ਕਾਨੂੰਨ ਨੂੰ ਅੰਤਰਰਾਸ਼ਟਰੀ ਸੁਰੱਖਿਆ ਐਕਟ 2015 (2015 ਐਕਟ) ਅਤੇ ਉਸ ਐਕਟ ਤਹਿਤ ਬਣਾਏ ਗਏ ਹੁਕਮਾਂ ਅਤੇ ਨਿਯਮਾਂ ਤਹਿਤ ਸਥਾਪਿਤ ਕੀਤਾ ਗਿਆ ਹੈ। ਤੁਸੀਂ ਇਸ ਕਾਨੂੰਨਾਂ ਤੱਕ ਹੇਠਾਂ ਦਿੱਤੀਆਂ ਸਾਈਟਾਂ ਤੇ ਪੂਰੀ ਪਹੁੰਚ ਕਰ ਸਕਦੇ ਹੋ www.inis.gov.ie ਅਤੇ www.ipo.gov.ie..

ਇਹ ਪੁਸਤਿਕਾ ਕੇਵਲ ਜਾਣਕਾਰੀ ਅਤੇ ਦਿਸ਼ਾ ਨਿਰਦੇਸ਼ ਪ੍ਰਦਾਨ ਕਰਨ ਲਈ ਹੈ। ਇਹ ਜਾਣਕਾਰੀ ਕਾਨੂੰਨੀ ਸੁਝਾਵ ਨਹੀਂ ਹੈ ਅਤੇ ਇਹ ਅੰਤਰਰਾਸ਼ਟਰੀ ਸੁਰੱਖਿਆ ਐਕਟ 2015 ਦੀ ਇੱਕ ਕਾਨੂੰਨੀ ਵਿਆਖਿਆ ਪ੍ਰਦਾਨ ਨਹੀਂ ਕਰਦੀ ਹੈ। ਜੇਕਰ ਤੁਹਾਨੂੰ 2015 ਐਕਟ ਅਤੇ ਇਸ ਦੇ ਤੁਹਾਡੇ ਕੇਸ ਤੇ ਪ੍ਰਭਾਵ ਪੈਣ ਬਾਰੇ ਹੋਰ ਜਾਣਕਾਰੀ ਲੋੜੀਂਦੀ ਹੋਵੇ, ਤਾਂ ਤੁਹਾਨੂੰ ਕਾਨੂੰਨੀ ਸੁਝਾਵ ਪ੍ਰਾਪਤ ਕਰਨਾ ਚਾਹੀਦਾ ਹੈ।

ਜਦੋਂ ਕਿ ਹਰੇਕ ਕੋਸ਼ਿਸ਼ ਇਹ ਸੁਨਿਸ਼ਚਿਤ ਕਰਨ ਲਈ ਕੀਤੀ ਗਈ ਹੈ ਕਿ ਕੀ ਇਸ ਪੁਸਤਿਕਾ ਦੀ ਸਮੱਗਰੀ ਸਹੀ ਹੈ, ਇਸ ਵਿੱਚ ਹੋਣ ਵਾਲੀ ਕੋਈ ਵੀ ਗਲਤੀ ਜਾਂ ਤਰੁੱਟੀ ਲਈ ਕੋਈ ਵੀ ਜ਼ਿੰਮੇਵਾਰੀ ਨਹੀਂ ਲਈ ਜਾਂਦੀ। ਇਸ ਤੋਂ ਇਲਾਵਾ, ਇਸ ਪੁਸਤਕ ਵਿੱਚ ਕਿਸੇ ਵੀ ਚੀਜ਼ ਨੂੰ ਨਿਆਂ ਅਤੇ ਬਰਾਬਰਤਾ ਬਾਰੇ ਮੰਤਰੀ ('ਮੰਤਰੀ') ਜਾਂ ਕਿਸੇ ਵੀ ਹੋਰ ਪਾਰਟੀ ਦੇ ਆਧਾਰ ਤੇ, ਅੰਤਰਰਾਸ਼ਟਰੀ ਸੁਰੱਖਿਆ ਦਫ਼ਤਰ ਦੇ ਅਧਿਕਾਰੀਆਂ ਅਤੇ ਸਟਾਫ਼ ਸਮੇਤ, ਕਾਨੂੰਨ ਦੁਆਰਾ ਤਿਆਰ ਕੀਤੇ ਗਏ ਕਿਸੇ ਵੀ ਨਿਯਮ ਤੋਂ ਪਰ੍ਹੇ, ਕਿਸੇ ਵੀ ਬੰਧਨਕਾਰੀ ਕਾਨੂੰਨੀ ਫਰਜ਼ ਲਈ ਇੱਕ ਪੇਸ਼ਕਾਰੀ ਜਾਂ ਵਾਅਦੇ ਵਜੋਂ ਨਹੀਂ ਲਿਆ ਜਾਂਦਾ।

ਅੰਤਰਰਾਸ਼ਟਰੀ ਸੁਰੱਖਿਆ ਦਫ਼ਤਰ
ਆਇਰਿਸ਼ ਨੈਚੁਰਾਲਾਈਜੇਸ਼ਨ ਅਤੇ ਇਮੀਗ੍ਰੇਸ਼ਨ ਸਰਵਿਸ

ਜਨਵਰੀ 2017

# ਸਮੱਗਰੀ


**ਸੈਕਸ਼ਨ 1 ਅੰਤਰਰਾਸ਼ਟਰੀ ਸਰੁੱਖਿਆ ਕੀ ਹੈ ਅਤੇ ਮੈਂ ਇਸ ਲਈ ਕਿਵੇਂ ਅਪਲਾਈ ਕਰ ਸਕਦਾ ਹਾਂ?**

*1.1 ਅੰਤਰਰਾਸ਼ਟਰੀ ਸੁਰੱਖਿਆ ਕੀ ਹੈ?*
*1.2 ਅੰਤਰਰਾਸ਼ਟਰੀ ਸੁਰੱਖਿਆ ਲਈ ਕੌਣ ਅਪਲਾਈ ਕਰ ਸਕਦਾ ਹੈ?*
*1.3 ਕੀ ਅੰਤਰਰਾਸ਼ਟਰੀ ਸੁਰੱਖਿਆ ਲਈ ਇੱਕ ਅਰਜ਼ੀ ਦੇਣਾ ਮੇਰੇ ਵਿਅਕਤੀਗਤ ਹਾਲਾਤਾਂ ਵਿੱਚ ਸਹੀ ਕਾਰਵਾਈ ਹੈ?*
*1.4 ਮੈਨੂੰ ਅੰਤਰਰਾਸ਼ਟਰੀ ਸੁਰੱਖਿਆ ਲਈ ਆਪਣੀ ਅਰਜ਼ੀ ਕਿੱਥੇ ਦੇਣੀ ਚਾਹੀਦੀ ਹੈ?*
*1.5 ਅੰਤਰਰਾਸ਼ਟਰੀ ਸੁਰੱਖਿਆ ਲਈ ਮੇਰੀ ਅਰਜ਼ੀ ਤੇ ਕੌਣ ਕੰਮ ਕਰੇਗਾ?*
*1.6 ਬਣੇ ਰਹਿਣ ਲਈ ਸਵੀਕ੍ਰਿਤੀ ਕੀ ਹੈ ਅਤੇ ਮੈਂ ਇਸ ਲਈ ਕਿਵੇਂ ਅਪਲਾਈ ਕਰਾਂ?*
*1.7 ਪਰਿਵਾਰ ਪੁਨਰਮਿਲਨ ਕੀ ਹੁੰਦਾ ਹੈ?*

**ਸੈਕਸ਼ਨ 2 ਲਾਭਕਾਰੀ ਸ਼ਬਦ**

*2.1 ਅੰਤਰਰਾਸ਼ਟਰੀ ਸੁਰੱਖਿਆ ਦਫ਼ਤਰ (IPO) ਕੀ ਹੁੰਦਾ ਹੈ?*
*2.2 ਅੰਤਰਰਾਸ਼ਟਰੀ ਸੁਰੱਖਿਆ ਅਪੀਲਜ਼ ਟ੍ਰਿਬਿਊਨਲ (IPAT) ਕੀ ਹੁੰਦਾ ਹੈ?*
*2.3 ਮੰਤਰੀ ਕੌਣ ਹੈ?*
*2.4 ਇੱਕ ਸ਼ਰਨਾਰਥੀ ਕਿਸ ਨੂੰ ਮੰਨਿਆ ਜਾਂਦਾ ਹੈ?*
*2.5 ਸਹਾਇਕ ਸੁਰੱਖਿਆ ਲਈ ਯੋਗ ਕੌਣ ਹੁੰਦਾ ਹੈ?*
*2.6 ਗੰਭੀਰ ਜ਼ੋਖਿਮ ਕੀ ਹੁੰਦਾ ਹੈ?*
*2.7 ਰੀਫਾਊਲਮੈਂਟ ਦੀ ਪਾਬੰਦੀ ਕੀ ਹੁੰਦੀ ਹੈ?*
*2.8 ਅੰਤਰਰਾਸ਼ਟਰੀ ਸੁਰੱਖਿਆ ਵਿੱਚ ਕੌਣ ਸ਼ਾਮਲ ਨਹੀਂ ਹਨ?*
*2.9 EURODAC ਕੀ ਹੈ?*
*2.10 ਸਧਾਰਨ ਯਾਤਰਾ ਖੇਤਰ ਦਾ ਕੀ ਸਕੋਪ ਹੈ?*

**ਸੈਕਸ਼ਨ 3 ਅੰਤਰਰਾਸ਼ਟਰੀ ਸੁਰੱਖਿਆ ਪ੍ਰਕਿਰਿਆ**

*3.1 ਮੈਂ ਕੀ ਆਸ ਕਰ ਸਕਦਾ ਹਾਂ ਜਦੋਂ ਮੈਂ ਅੰਤਰਰਾਸ਼ਟਰੀ ਸੁਰੱਖਿਆ ਲਈ ਆਪਣੀ ਅਰਜ਼ੀ ਦਿੰਦਾ ਹਾਂ?*
*3.2 ਅਰਜ਼ੀ ਪ੍ਰਕਿਰਿਆ ਵਿੱਚ ਆਰੰਭਿਕ ਸਟੈਪ ਕਿਹੜੇ ਹਨ?*
*3.3 ਮੇਰੀ ਅਰਜ਼ੀ ਦੇ ਦਾਖਲ ਹੋਣ ਨੂੰ ਕਿਵੇਂ ਸੁਨਿਸ਼ਚਿਤ ਕੀਤਾ ਜਾਏਗਾ?*
*3.4 ਜੇਕਰ ਮੈਂ ਅੰਤਰਰਾਸ਼ਟਰੀ ਸੁਰੱਖਿਆ ਲਈ ਇੱਕ ਪਿਛਲੀ ਅਰਜ਼ੀ ਤੇ ਪਹਿਲਾਂ ਹੀ ਇੱਕ ਫੈਸਲਾ ਪ੍ਰਾਪਤ ਕਰ ਲਿਆ ਹੈ, ਤਾਂ ਕੀ ਮੈਂ ਇੱਕ ਹੋਰ ਅਰਜ਼ੀ (ਨਿਰੰਤਰ ਅਰਜ਼ੀ) ਦੇ ਸਕਦਾ ਹਾਂ?*
*3.5 ਮੁਢਲੀ ਇੰਟਰਵਿਊ ਕੀ ਹੁੰਦੀ ਹੈ?*
*3.6 ਕੀ ਮੇਰੇ ਫਿੰਗਰਪ੍ਰਿੰਟ ਅਤੇ ਦੂਜੀ ਬਾਇਓਮੀਟ੍ਰਿਕ ਜਾਣਕਾਰੀ ਲਈ ਜਾਏਗੀ?*
*3.7 ਕੀ ਮੈਨੂੰ ਅੰਤਰਰਾਸ਼ਟਰੀ ਸੁਰੱਖਿਆ ਪ੍ਰਕਿਰਿਆ ਤੇ ਲਿਖਤ ਜਾਣਕਾਰੀ ਮਿਲੇਗੀ?*
*3.8 ਮੈਨੂੰ ਆਪਣੇ ਨਾਲ ਕੀ ਲਿਆਉਣ ਦੀ ਲੋੜ ਹੈ ਜਦੋਂ ਮੈਂ ਆਪਣੀ ਅੰਤਰਰਾਸ਼ਟਰੀ ਸੁਰੱਖਿਆ ਲਈ ਅਰਜ਼ੀ ਦਿੰਦਾ ਹਾਂ?*
*3.9 ਇੱਕ ਅਸਥਾਈ ਰਿਹਾਇਸ਼ ਸਰਟੀਫਿਕੇਟ (TRC) ਕੀ ਹੁੰਦਾ ਹੈ ਅਤੇ ਮੈਨੂੰ ਇਹ ਕਦੋਂ ਮਿਲੇਗਾ?*
*3.10 ਕੀ ਹੁੰਦਾ ਹੈ ਜੇਕਰ ਮੈਂ ਅਪੰਗ ਹੁੰਦਾ ਹਾਂ ਜਾਂ ਮੈਨੂੰ ਵਿਸ਼ੇਸ਼ ਲੋੜਾਂ ਹੋਣ?*
*3.11 ਜੇਕਰ ਮੈਂ ਹਿਰਾਸਤ ਵਿੱਚ ਜਾਂ ਨਜ਼ਰਬੰਦ ਹੁੰਦਾ ਹਾਂ ਤਾਂ ਕੀ ਅੰਤਰਰਾਸ਼ਟਰੀ ਸੁਰੱਖਿਆ ਲਈ ਅਪਲਾਈ ਕਰ ਸਕਦਾ ਹਾਂ?*
*3.12 ਉਹ ਕਿਹੜੀਆਂ ਸੁਰਤਾਂ ਹੁੰਦੀਆਂ ਹਨ ਜਿਨ੍ਹਾਂ ਤਹਿਤ ਅੰਤਰਰਾਸ਼ਟਰੀ ਸੁਰੱਖਿਆ ਲਈ ਇੱਕ ਬਿਨੈਕਾਰ ਹਿਰਾਸਤ ਵਿੱਚ ਲਿਆ ਜਾ ਸਕਦਾ ਹੈ?*
*3.13 ਕੀ ਹੁੰਦਾ ਹੈ ਜੇਕਰ ਮੇਰੇ ਤੇ ਆਸ਼ਰਿਤ ਲੋਕਾਂ ਦੀ ਉਮਰ 18 ਸਾਲ ਤੋਂ ਘੱਟ ਹੋਵੇ?*
*3.14 ਮੈਂ ਕਾਨੂੰਨੀ ਸੁਝਾਵ ਕਿੱਥੋਂ ਲੈ ਸਕਦਾ ਹਾਂ?*
*3.15 ਕੀ ਮੈਂ ਅੰਤਰਰਾਸ਼ਟਰੀ ਸੁਰੱਖਿਆ ਲਈ ਆਪਣੀ ਅਰਜ਼ੀ ਨੂੰ ਵਾਪਸ ਲੈ ਸਕਦਾ ਹਾਂ?*

**ਸੈਕਸ਼ਨ 4 ਇੰਟਰਵਿਊ ਅਤੇ ਪ੍ਰੀਖਿਆ**

*4.1 ਮੈਂ ਆਪਣੀ ਅੰਤਰਰਾਸ਼ਟਰੀ ਸੁਰੱਖਿਆ ਇੰਟਰਵਿਊ ਤੇ ਕੀ ਆਸ ਰੱਖ ਸਕਦਾ ਹਾਂ?*
*4.2 ਕੀ ਮੈਂ ਸਮਰਥਨ ਲਈ ਆਪਣੀ ਅੰਤਰਰਾਸ਼ਟਰੀ ਸੁਰੱਖਿਆ ਇੰਟਰਵਿਊ ਲਈ ਕਿਸੇ ਵਿਅਕਤੀ ਨੂੰ ਨਾਲ ਲਿਆ ਸਕਦਾ ਹਾਂ?*
*4.3 ਕੀ ਹੁੰਦਾ ਹੈ ਜੇਕਰ ਮੈਂ ਆਪਣੀ ਇੰਟਰਵਿਊ ਵਿੱਚ ਸ਼ਾਮਲ ਨਾ ਹੋ ਸਕਾਂ ਜਾਂ ਆਪਣੀ ਇੰਟਰਵਿਊ ਵਿੱਚ ਸ਼ਾਮਲ ਹੋਣ ਵਿੱਚ ਅਸਫ਼ਲ ਹੋ ਜਾਵਾਂ?*
*4.4 ਕੀ ਅਰਜ਼ੀ ਪ੍ਰਕਿਰਿਆ ਨਾਲ ਸਹਿਯੋਗ ਕਰਨਾ ਮੇਰਾ ਫਰਜ਼ ਹੈ ਅਤੇ ਅਜਿਹਾ ਨਾ ਕਰਨ ਦੇ ਕੀ ਨਤੀਜੇ ਹੁੰਦੇ ਹਨ?*
*4.5 ਵਿਅਕਤੀਗਤ ਇੰਟਰਵਿਊ ਸਮੇਤ ਮੁੱਖ, ਜਾਂਚ ਪ੍ਰਕਿਰਿਆ ਕੀ ਹੁੰਦੀ ਹੈ?*
*4.6 ਮੇਰੀ ਇੰਟਰਵਿਊ ਤੋਂ ਬਾਅਦ ਕੀ ਵਾਪਰਦਾ ਹੈ?*
*4.7 ਮੇਰੀ ਅੰਤਰਰਾਸ਼ਟਰੀ ਸੁਰੱਖਿਆ ਅਰਜ਼ੀ ਦੇ ਸੰਭਾਵਿਤ ਨਤੀਜੇ ਕੀ ਹੁੰਦੇ ਹਨ?*
*4.8 ਕੀ ਹੁੰਦਾ ਹੈ ਜੇਕਰ ਮੈਨੂੰ 6 ਮਹੀਨਿਆਂ ਦੇ ਅੰਦਰ ਅੰਤਰਰਾਸ਼ਟਰੀ ਸੁਰੱਖਿਆ ਲਈ ਆਪਣੀ ਅਰਜ਼ੀ ਤੇ ਇੱਕ ਸੁਝਾਵ ਪ੍ਰਾਪਤ ਨਹੀਂ ਹੁੰਦਾ?*

**ਸੈਕਸ਼ਨ 5 ਅਪੀਲਜ਼ ਅਤੇ ਅੰਤਰਰਾਸ਼ਟਰੀ ਸੁਰੱਖਿਆ**

*5.1 ਕੀ ਮੇਰੇ ਕੋਲ ਮੈਨੂੰ ਅੰਤਰਰਾਸ਼ਟਰੀ ਸੁਰੱਖਿਆ ਅਤੇ ਦੂਜੇ ਪ੍ਰਸਤਾਵਾਂ ਦੀ ਸਵੀਕ੍ਰਿਤੀ ਨਾ ਦੇਣ ਲਈ ਇੱਕ ਸੁਝਾਵ ਲਈ ਅਪੀਲ ਕਰਨ ਦਾ ਹੱਕ ਹੈ?*
*5.2 ਮੈਂ ਅਪੀਲ ਕਿਵੇਂ ਕਰਾਂ?*
*5.3 ਇੱਕ ਅਪੀਲ ਦਾਖ਼ਲ ਕਰਨ ਲਈ ਕਿਹੜੀਆਂ ਸਮਾਂ ਸੀਮਾਵਾਂ ਹਨ?*
*5.4 ਕੀ ਮੇਰੇ ਕੋਲ ਆਪਣੀ ਅਪੀਲ ਲਈ ਕਾਨੂੰਨੀ ਪੇਸ਼ਕਾਰੀ ਲਈ ਅਧਿਕਾਰ ਹੈ?*
*5.5 ਕਿੰਨੀ ਜਲਦੀ ਮੇਰੀ ਅਪੀਲ ਤੇ ਸੁਣਵਾਈ ਕੀਤੀ ਜਾਏਗੀ?*
*5.6 ਮੈਂ ਅਪੀਲ ਪ੍ਰਕਿਰਿਆ ਬਾਰੇ ਹੋਰ ਜਾਣਕਾਰੀ ਕਿੱਥੋਂ ਪ੍ਰਾਪਤ ਕਰ ਸਕਦਾ ਹਾਂ?*

**ਸੈਕਸ਼ਨ 6 ਸ਼ਰਨਾਰਥੀ ਅਤੇ ਸਹਾਇਕ ਸੁਰੱਖਿਆ ਦਰਜੇ ਦੀ ਘੋਸ਼ਣਾ**

*6.1 ਮੇਰੇ ਇੱਕ ਸੁਝਾਵ ਨੂੰ ਪ੍ਰਾਪਤ ਕਰਨ ਤੋਂ ਬਾਅਦ ਕੀ ਹੁੰਦਾ ਹੈ?*

**ਸੈਕਸ਼ਨ 7 ਤੁਹਾਡੇ ਅਧਿਕਾਰ ਜੇਕਰ ਅੰਤਰਰਾਸ਼ਟਰੀ ਸੁਰੱਖਿਆ ਦਿੱਤੀ ਗਈ ਹੋਵੇ**

*7.1 ਮੇਰੇ ਕੀ ਅਧਿਕਾਰ ਹੁੰਦੇ ਹਨ ਜੇਕਰ ਮੈਂ ਅੰਤਰਰਾਸ਼ਟਰੀ ਸੁਰੱਖਿਆ ਪ੍ਰਾਪਤ ਕਰਦਾ ਹਾਂ?*

**ਸੈਕਸ਼ਨ 8 ਅੰਤਰਰਾਸ਼ਟਰੀ ਸੁਰੱਖਿਆ ਪ੍ਰਕਿਰਿਆ ਵਿੱਚ ਤੁਹਾਡੇ ਅਧਿਕਾਰ ਅਤੇ ਫਰਜ਼**

*8.1 ਅੰਤਰਰਾਸ਼ਟਰੀ ਸੁਰੱਖਿਆ ਅਰਜ਼ੀ ਪ੍ਰਕਿਰਿਆ ਵਿੱਚ ਮੇਰੇ ਕਿਹੜੇ ਅਧਿਕਾਰ ਹੁੰਦੇ ਹਨ?*
*8.2 ਅੰਤਰਰਾਸ਼ਟਰੀ ਸੁਰੱਖਿਆ ਅਰਜ਼ੀ ਪ੍ਰਕਿਰਿਆ ਵਿੱਚ ਮੇਰੇ ਕਿਹੜੇ ਫਰਜ਼ ਹੁੰਦੇ ਹਨ?*

**ਸੈਕਸ਼ਨ 9 ਇਕੱਲੇ ਬੱਚੇ**

*9.1 ਕੀ ਹੁੰਦਾ ਹੈ ਜੇਕਰ ਮੈਂ ਇੱਕ ਇਕੱਲੇ ਬੱਚੇ ਵਜੋਂ ਅੰਤਰਰਾਸ਼ਟਰੀ ਸੁਰੱਖਿਆ ਲਈ ਅਪਲਾਈ ਕਰਦਾ ਹਾਂ?*
*9.2 ਕੀ ਪ੍ਰਕਿਰਿਆ ਹੈ ਜੇਕਰ TUSLA – ਬਾਲ ਅਤੇ ਪਰਿਵਾਰ ਏਜੰਸੀ ਮੇਰੇ ਲਈ ਅੰਤਰਰਾਸ਼ਟਰੀ ਸੁਰੱਖਿਆ ਲਈ ਇੱਕ ਅਰਜ਼ੀ ਦਿੰਦੀ ਹੈ?*
*9.3 ਕਾਨੂੰਨੀ ਸਹਾਇਤਾ ਬੋਰਡ (LAB) ਲਈ 18 ਸਾਲ ਤੋਂ ਘੱਟ ਉਮਰ ਦੇ ਇੱਕ ਬੱਚੇ ਨੂੰ ਰੈਫ਼ਰ ਕਰਨ ਦੀ ਕਿਹੜੀ ਵਿਧੀ ਹੈ?*

**ਸੈਕਸ਼ਨ 10 ਈਯੂ ਡਬਲਿਨ ਰੈਗੁਲੇਸ਼ਨ**

*10.1 ਈਯੂ ਡਬਲਿਨ ਰੈਗੁਲੇਸ਼ਨ ਕੀ ਹੈ?*

**ਸੈਕਸ਼ਨ 11 ਸਵੈਇਛੁੱਕ ਵਾਪਸੀ ਦੇ ਵਿਕਲਪ**

*11.1 ਕੀ ਮੇਰੇ ਕੋਲ ਆਪਣੇ ਮੂਲ ਦੇਸ਼/ ਆਦਤਨ ਨਿਵਾਸ ਦੇ ਪਿਛਲੇ ਦੇਸ਼ ਲਈ ਸਵੈਇੱਛੁਕ ਵਾਪਸੀ ਦਾ ਵਿਕਲਪ ਹੁੰਦਾ ਹੈ?*

**ਸੈਕਸ਼ਨ 12 ਹੋਰ ਜਾਣਕਾਰੀ**

*12.1 ਅੰਤਰਰਾਸ਼ਟਰੀ ਸੁਰੱਖਿਆ ਲਈ ਅਰਜ਼ੀਆਂ ਦੀ ਪ੍ਰਾਥਮਿਕਤਾ ਲਈ ਕੀ ਪ੍ਰਕਿਰਿਆਵਾਂ ਹੁੰਦੀਆਂ ਹਨ?*

*12.2 ਉਸ ਜਾਣਕਾਰੀ ਦਾ ਕੀ ਕੀਤਾ ਜਾਂਦਾ ਹੈ ਜੋ ਮੈਂ ਅੰਤਰਰਾਸ਼ਟਰੀ ਸੁਰੱਖਿਆ ਦਫ਼ਤਰ ਨੂੰ ਪ੍ਰਦਾਨ ਕਰਦਾ ਹਾਂ?*

**ਸੈਕਸ਼ਨ 13 ਬਣੇ ਰਹਿਣ ਲਈ ਸਵੀਕ੍ਰਿਤੀ**

*13.1 ਮੈਂ ਬਣੇ ਰਹਿਣ ਦੀ ਸਵੀਕ੍ਰਿਤੀ ਲਈ ਕਿਵੇਂ ਅਪਲਾਈ ਕਰਾਂ?*
*13.2 ਸਟੇਟ (ਆਇਰਲੈਂਡ) ਵਿੱਚ ਰਹਿਣਾ ਜਾਰੀ ਰੱਖਣ ਦੀ ਸਵੀਕ੍ਰਿਤੀ ਦੇਣ ਜਾਂ ਨਾ ਦੇਣ ਲਈ ਮੰਤਰੀ ਦੇ ਫੈਸਲੇ ਲਈ ਕਿਹੜੀ ਜਾਣਕਾਰੀ ਉਚਿੱਤ ਉਚਿਤ ਹੁੰਦੀ ਹੈ?*
*13.3 ਕੀ ਹੁੰਦਾ ਹੈ ਜੇਕਰ ਮੈਨੂੰ ਬਣੇ ਰਹਿਣ ਦੀ ਸਵੀਕ੍ਰਿਤੀ ਦੇਣ ਲਈ ਮਨ੍ਹਾਂ ਕੀਤਾ ਜਾਂਦਾ ਹੈ?*
*13.4 ਕੀ ਹੁੰਦਾ ਹੈ ਜੇਕਰ ਮੈਨੂੰ ਬਣੇ ਰਹਿਣ ਲਈ ਸਵੀਕ੍ਰਿਤੀ ਦਿੱਤੀ ਜਾਂਦੀ ਹੈ?*
*13.5 ਬਣੇ ਰਹਿਣ ਲਈ ਸਵੀਕ੍ਰਿਤੀ ਦੀ ਇੱਕ ਮਨਾਹੀ ਦੀ "ਸਮੀਖਿਆ" ਕਿਵੇਂ ਕੀਤੀ ਜਾਂਦੀ ਹੈ?*
*13.6 ਕੀ ਹੁੰਦਾ ਹੈ ਜੇਕਰ ਬਣੇ ਰਹਿਣ ਲਈ ਮੈਨੂੰ ਸਵੀਕ੍ਰਿਤੀ ਦਿੱਤੀ ਜਾਂਦੀ ਹੈ ਪਰ ਮੈਂ IPO ਤੋਂ IPAT ਲਈ ਸੁਰੱਖਿਆ ਸੁਝਾਵ ਲਈ ਅਪੀਲ ਕਰਨ ਦਾ ਫੈਸਲਾ ਕਰਦਾ ਹਾਂ?*
*13.7 ਕੀ ਹੁੰਦਾ ਹੈ ਜੇਕਰ ਸਮੀਖਿਆ ਪ੍ਰਕਿਰਿਆ ਤੋਂ ਬਾਅਦ ਮੈਨੂੰ ਬਣੇ ਰਹਿਣ ਲਈ ਸਵੀਕ੍ਰਿਤੀ ਦੇਣ ਤੋਂ ਮਨ੍ਹਾਂ ਕੀਤਾ ਜਾਂਦਾ ਹੈ?*

**ਸੈਕਸ਼ਨ 14 ਪਰਿਵਾਰ ਪੁਨਰਮਿਲਨ**

*14.1 ਪਰਿਵਾਰ ਪੁਨਰਮਿਲਨ ਕੀ ਹੁੰਦਾ ਹੈ?*
*14.2 ਕੀ ਕੋਈ ਸਮਾਂ ਸੀਮਾਂ ਹੁੰਦੀ ਹੈ?*
*14.3 ਇੱਕ ਪਰਿਵਾਰਕ ਸਦੱਸ ਕੌਣ ਹੁੰਦਾ ਹੈ?*
*14.4 ਮੈਨੂੰ ਅੰਤਰਰਾਸ਼ਟਰੀ ਸੁਰੱਖਿਆ ਅਰਜ਼ੀ ਫਾਰਮ ਅਤੇ ਪ੍ਰਸ਼ਨਾਵਲੀ ਤੇ ਕਿਹੜੀ ਜਾਣਕਾਰੀ ਸ਼ਾਮਲ ਕਰਨੀ ਚਾਹੀਦੀ ਹੈ?*
*14.5 ਮੈਂ ਪਰਿਵਾਰਕ ਪੁਨਰਮਿਲਨ ਲਈ ਕਿਵੇਂ ਅਪਲਾਈ ਕਰ ਸਕਦਾ ਹਾਂ?*

**ਸੈਕਸ਼ਨ 15 ਤੁਹਾਡੀ ਰਿਹਾਇਸ਼**
*15.1 ਰਿਸੈਪਸ਼ਨ/ ਰਿਹਾਇਸ਼ ਦੀ ਜਾਣਕਾਰੀ*

**ਅੰਤਕਾ – ਸੰਪਰਕ ਦੇ ਵੇਰਵੇ**

# ਸੈਕਸ਼ਨ 1
# ਅੰਤਰਰਾਸ਼ਟਰੀ ਸੁਰੱਖਿਆ ਕੀ ਹੁੰਦੀ ਹੈ, ਅਤੇ ਮੈਂ ਇਸ ਲਈ ਕਿਵੇਂ ਅਪਲਾਈ ਕਰਾਂ?

## 1.1 ਅੰਤਰਰਾਸ਼ਟਰੀ ਸੁਰੱਖਿਆ ਕੀ ਹੈ?

1.1.1 ਅੰਤਰਰਾਸ਼ਟਰੀ ਸੁਰੱਖਿਆ ਐਕਟ 2015 ਦੁਆਰਾ ਕਵਰ ਕੀਤੇ ਜਾਣ ਵਾਲੇ ਅੰਤਰਰਾਸ਼ਟਰੀ ਸੁਰੱਖਿਆ ਦੇ ਦੋ ਫਾਰਮ ਹਨ ਜਿਨ੍ਹਾਂ ਦੇ ਨਾਮ ਹਨ ਸ਼ਰਨਾਰਥੀ ਦਰਜਾ ਅਤੇ ਸਹਾਇਕ ਸੁਰੱਖਿਆ।

**ਸ਼ਰਨਾਰਥੀ ਦਰਜਾ**

1.1.2 ਇੱਕ *ਸ਼ਰਨਾਰਥੀ* ਵਜੋਂ ਪਹਿਚਾਣ ਕਰਨ ਲਈ, ਤੁਹਾਨੂੰ ਇੱਕ ਉਹ ਵਿਅਕਤੀ ਹੋਣਾ ਚਾਹੀਦਾ ਹੈ ਜੋਇਨ੍ਹਾਂ ਕਾਰਨਾਂ ਦੇ ਕਾਰਣ ਸਤਾਏ ਜਾਣ ਦੇ ਡਰ ਦੇ ਤਹਿਤ ਆਉਂਦਾ ਹੋਵੇ:

(i) ਜਾਤ,
(ii) ਧਰਮ,
(iii) ਕੌਮੀਅਤ,
(iv) ਰਾਜਨੀਤਿਕ ਰਾਏ ਜਾਂ
(v) ਇੱਕ ਵਿਸ਼ੇਸ਼ ਸਮਾਜਿਕ ਵਰਗ ਦੀ ਮੈਂਬਰਸ਼ਿੱਪ,

ਕੌਮੀਅਤ ਦੇ ਆਪਣੇ ਦੇਸ਼ ਤੋਂ ਬਾਹਰ ਹੋਵੇ ਅਤੇ ਅਯੋਗ ਹੋਵੇ, ਜਾਂ ਅਜਿਹੇ ਡਰ ਦੇ ਕਾਰਣ, ਉਸ ਦੇਸ਼ ਦੀ ਸੁਰੱਖਿਆ ਲੈਣ ਦਾ ਇਛੁੱਕ ਨਾ ਹੋਵੇ, ਜਾਂ ਇੱਕ ਰਾਜ਼ਰਹਿਤ ਵਿਅਕਤੀ, ਜੋ ਉੱਪਰ ਦਰਸਾਏ ਗਏ ਅਨੁਸਾਰ ਸਮਾਨ ਕਾਰਣਾਂ ਕਰਕੇ ਪਿਛਲੇ ਆਦਤਨ ਨਿਵਾਸ ਦੇ ਆਪਣੇ ਦੇਸ਼ ਤੋਂ ਬਾਹਰ ਰਹਿਣ ਕਰਕੇ, ਇਸ ਵਿੱਚ ਵਾਪਸ ਜਾਣ ਦੇ ਅਯੋਗ ਹੋਵੇ ਜਾਂ, ਅਜਿਹੇ ਡਰ ਦੇ ਕਾਰਣ ਜਾਣ ਦੀ ਇੱਛਾ ਨਾ ਰੱਖਦਾ ਹੋਵੇ।

**ਸਹਾਇਕ ਸੁਰੱਖਿਆ ਦਰਜਾ**

1.1.3 ਜੇਕਰ ਇਹ ਫੈਸਲਾ ਹੁੰਦਾ ਹੈ ਕਿ ਤੁਸੀਂ ਇੱਕ ਸ਼ਰਨਾਰਥੀ ਨਹੀਂ ਹੋ, *ਤਾਂ ਤੁਸੀਂ ਸਹਾਇਕ ਸੁਰੱਖਿਆ ਲਈ ਯੋਗ ਹੋ ਸਕਦੇ ਹੋ ਜੇਕਰ ਵਿਸ਼ਵਾਸ਼ ਕਰਨ ਲਈ ਉਚਿਤ ਅਧਾਰ ਹੋਣ ਕਿ ਤੁਸੀਂ ਗੰਭੀਰ ਜ਼ੋਖਿਮ ਤੋਂ ਪੀੜਿਤ ਹੋਣ ਦੇ ਇੱਕ ਖਤਰੇ ਦਾ ਸਾਹਮਣਾ ਕਰੋਗੇ ਜੇਕਰ ਤੁਸੀਂ ਆਪਣੇ ਮੂਲ ਦੇਸ਼/ਪੁਰਾਣੇ ਆਦਤਨ ਨਿਵਾਸ ਦੇ ਦੇਸ਼ ਪਰਤਦੇ ਹੋ।* ਹੋਰ ਜਾਣਕਾਰੀ ਲਈ **ਸੈਕਸ਼ਨ 2.5.1** ਨੂੰ ਦੇਖੋ।

## 1.2 ਅੰਤਰਰਾਸ਼ਟਰੀ ਸੁਰੱਖਿਆ ਲਈ ਕੌਣ ਅਪਲਾਈ ਕਰ ਸਕਦਾ ਹੈ?

1.2.1 ਇੱਕ ਵਿਅਕਤੀ ਜਿਸ ਦੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੁੰਦੀ ਹੈ ਅਤੇ ਜੋ ਸਟੇਟ (ਆਇਰਲੈਂਡ) ਦੇ ਫਰੰਟੀਅਰ ਤੇ ਹੁੰਦਾ ਹੈ ਜਾਂ ਜੋ ਸਟੇਟ (ਆਇਰਲੈਂਡ) ਵਿੱਚ ਹੁੰਦਾ ਹੈ ਉਹ ਅੰਤਰਰਾਸ਼ਟਰੀ ਸੁਰੱਖਿਆ ਲਈ ਇੱਕ ਅਰਜ਼ੀ ਦੇ ਸਕਦਾ ਹੈ

(a) ਆਪਣੇ ਆਧਾਰ ਤੇ

(b) ਕਿਸੇ ਹੋਰ ਵਿਅਕਤੀ ਦੇ ਆਧਾਰ ਤੇ ਜਿਸ ਦੀ ਉਮਰ 18 ਸਾਲ ਤੋਂ ਘੱਟ ਹੋਵੇ ਅਤੇ ਜਿਸ ਦੀ ਦੇਖਭਾਲ ਅਤੇ ਸੁਰੱਖਿਆ ਲਈ ਉਹ ਜਿੰਮੇਵਾਰੀ ਲੈ ਰਿਹਾ ਹੋਵੇ ਜਾਂ ਲੈ ਰਹੀ ਹੋਵੇ।

1.2.2 ਇਹ **ਪੈਰਾ 1.2.1** ਵਿੱਚ ਦਰਸਾਈ ਐਪਲੀਕੇਸ਼ਨ ਦੇ ਅਨੁਸਾਰ ਹੈ
(a) ਦਾਖਲ ਕਰਨ ਲਈ ਮੰਨਿਆ ਜਾਂਦਾ ਹੈ (**ਦੇਖੋ ਪੈਰਾ 3.3**), ਜਾਂ

(b) ਜੇਕਰ ਇੱਕ ਨਿਰੰਤਰ ਅਰਜ਼ੀ, ਮੰਤਰੀ ਦੀ ਸਵੀਕ੍ਰਿਤੀ ਨਾਲ ਸਵੀਕਾਰ ਕੀਤੀ ਜਾਂਦੀ ਹੈ (ਦੇਖੋ **ਸੈਕਸ਼ਨ 3.4**)।

ਕਿਰਪਾ ਕਰਕੇ ਨਿਰਭਰ ਹੋਣ ਵਾਲੇ ਬੱਚਿਆਂ ਨਾਲ ਸੰਬੰਧਿਤ **ਸੈਕਸ਼ਨ 3.13** ਵੀ ਦੇਖੋ।

## 1.3 ਕੀ ਅੰਤਰਰਾਸ਼ਟਰੀ ਸੁਰੱਖਿਆ ਲਈ ਇੱਕ ਅਰਜ਼ੀ ਦੇਣਾ ਮੇਰੇ ਵਿਅਕਤੀਗਤ ਹਾਲਾਤਾਂ ਵਿੱਚ ਸਹੀ ਕਾਰਵਾਈ ਹੈ?

1.3.1 ਤੁਹਾਨੂੰ ਕੇਵਲ ਤਦ ਹੀ ਅੰਤਰਰਾਸ਼ਟਰੀ ਸੁਰੱਖਿਆ ਲਈ ਅਪਲਾਈ ਕਰਨਾ ਚਾਹੀਦਾ ਹੈ ਜੇਕਰ ਤੁਸੀਂ ਆਪਣੇ ਮੂਲ ਦੇਸ਼/ ਪੁਰਾਣੀ ਆਦਤਨ ਰਿਹਾਇਸ਼ ਦੇ ਦੇਸ਼/ ਕੌਮੀਅਤ ਦੇ ਦੇਸ਼ ਵਾਪਸ ਜਾਣ ਤੋਂ ਡਰਦੇ ਹੋਵੋ।

1.3.2 ਜੇਕਰ ਤੁਹਾਡੇ ਕੋਲ ਸਟੇਟ (ਆਇਰਲੈਂਡ) ਵਿੱਚ ਬਣੇ ਰਹਿਣ ਲਈ ਹੋਰ ਕਾਰਣ ਹੋਣ ਤਾਂ ਜਾਣਕਾਰੀ ਲਈ ਕਿਰਪਾ ਕਰਕੇ www.inis.gov.ie ਨੂੰ ਦੇਖੋ।

## 1.4 ਮੈਨੂੰ ਅੰਤਰਰਾਸ਼ਟਰੀ ਸੁਰੱਖਿਆ ਲਈ ਆਪਣੀ ਅਰਜ਼ੀ ਕਿੱਥੇ ਦੇਣੀ ਚਾਹੀਦੀ ਹੈ?

1.4.1 ਤੁਹਾਨੂੰ ਮੰਤਰੀ ਕੋਲ **ਆਪ ਅਰਜ਼ੀ** ਦੇਣੀ ਚਾਹੀਦੀ ਹੈ। ਜਿੰਨਾ ਜਲਦੀ ਸੰਭਵ ਹੋਵੇ ਤੁਹਾਨੂੰ ਇਹ ਕਰਨਾ ਚਾਹੀਦਾ ਹੈ, ਹਵਾਈ ਅੱਡੇ ਤੇ ਜਾਂ ਸਮੁੰਦਰੀ ਬੰਦਰਗਾਹ ਤੇ ਜਿੱਥੇ ਤੁਸੀਂ ਆਇਰਲੈਂਡ ਵਿੱਚ ਪਹੁੰਚਦੇ ਹੋ ਜਾਂ (ਸਟੇਟ ਵਿੱਚ ਦਾਖਲ ਹੋਣ ਤੋਂ ਬਾਅਦ),

**International Protection Office,**
**Irish Naturalisation and Immigration Service,**
**79-83 Lower Mount Street,**
**Dublin 2.**
**D02 ND99**

## 1.5 ਅੰਤਰਰਾਸ਼ਟਰੀ ਸੁਰੱਖਿਆ ਲਈ ਮੇਰੀ ਅਰਜ਼ੀ ਤੇ ਕੌਣ ਕੰਮ ਕਰੇਗਾ?

1.5.1 ਅੰਤਰਰਾਸ਼ਟਰੀ ਸੁਰੱਖਿਆ ਲਈ ਅਪਲਾਈ ਕਰਨ ਦੁਆਰਾ, ਤੁਸੀਂ ਬੇਨਤੀ ਕਰ ਰਹੇ ਹੋ ਕਿ ਮੰਤਰੀ ਵਿਚਾਰ ਕਰੇ ਕਿ ਕੀ ਤੁਸੀਂ ਇੱਕ ਸ਼ਰਨਾਰਥੀ ਘੋਸ਼ਣਾ ਜਾਂ ਇੱਕ ਸਹਾਇਕ ਸ਼ਰਨਾਰਥੀ ਘੋਸ਼ਣਾ ਲਈ ਯੋਗ ਹੋ।

1.5.2 ਇੱਕ ਇਕੱਲੀ ਅਰਜ਼ੀ ਪ੍ਰਕਿਰਿਆ ਦੇ ਭਾਗ ਵਜੋਂ, ਅੰਤਰਰਾਸ਼ਟਰੀ ਸੁਰੱਖਿਆ ਲਈ ਤੁਹਾਡੀ ਅਰਜ਼ੀ ਦੀ ਆਮ ਤੌਰ ਤੇ ਉਨ੍ਹਾਂ ਅਧਿਕਾਰੀਆਂ ਦੁਆਰਾ ਜਾਂਚ ਕੀਤੀ ਜਾਏਗੀ, ਜਿਨ੍ਹਾਂ ਨੂੰ ਅੰਤਰਰਾਸ਼ਟਰੀ ਸੁਰੱਖਿਆ ਦਫ਼ਤਰ ਵਿੱਚ ਅੰਤਰਰਾਸ਼ਟਰੀ ਸੁਰੱਖਿਆ ਅਧਿਕਾਰੀਆਂ ਵਜੋਂ ਜਾਣਿਆ ਜਾਂਦਾ ਹੈ। ਇਹ ਆਇਰਿਸ਼ ਨੈਚੁਰਾਲਾਈਜੇਸ਼ਨ ਅਤੇ ਇਮੀਗ੍ਰੇਸ਼ਨ ਸਰਵਿਸ ਦਾ ਹਿੱਸਾ ਹੈ, ਜਿਹੜਾ ਕਿ ਆਪ ਵੀ ਨਿਆਂ ਅਤੇ ਬਰਾਬਰਤਾ ਵਿਭਾਗ ਅੰਦਰ ਆਉਂਦਾ ਹੈ। IPO ਦੇ ਅੰਦਰ ਦੂਜੇ ਵਿਅਕਤੀ ਵੀ ਇਸ ਪ੍ਰਕਿਰਿਆ ਵਿੱਚ ਸ਼ਾਮਲ ਹੋ ਸਕਦੇ ਹਨ।

## 1.6 ਬਣੇ ਰਹਿਣ ਲਈ ਸਵੀਕ੍ਰਿਤੀ ਕੀ ਹੈ ਅਤੇ ਮੈਂ ਇਸ ਲਈ ਕਿਵੇਂ ਅਪਲਾਈ ਕਰਾਂ?

1.6.1 ਜੇਕਰ IPO ਸੁਝਾਵ ਦਿੰਦੀ ਹੈ ਕਿ ਤੁਸੀਂ ਸ਼ਰਨਾਰਥੀ ਦਰਜੇ ਜਾਂ ਸਹਾਇਕ ਸੁਰੱਖਿਆ ਦੇ ਹੱਕਦਾਰ ਨਹੀਂ ਹੋ, ਤਾਂ ਮੰਤਰੀ ਫਿਰ ਵਿਚਾਰ ਕਰੇਗਾ ਕਿ ਕੀ ਤੁਹਾਨੂੰ ਸਟੇਟ (ਆਇਰਲੈਂਡ) ਵਿੱਚ ਕਿਸੇ ਹੋਰ ਕਾਰਣ ਕਰਕੇ ਬਣੇ ਰਹਿਣ ਦੀ ਸਵੀਕ੍ਰਿਤੀ ਦੇਣੀ ਹੈ ਜਾਂ ਨਹੀਂ (ਉਦਾਹਰਣ ਲਈ, ਤੁਹਾਡੇ ਪਰਿਵਾਰਕ ਜਾਂ ਵਿਅਕਤੀਗਤ ਪ੍ਰਸਥਿਤੀਆਂ ਦੇ ਕਾਰਣ)। ਇਸ ਕੰਮ ਨੂੰ ਅੰਤਰਰਾਸ਼ਟਰੀ ਸੁਰੱਖਿਆ ਦਫ਼ਤਰ ਵਿੱਚ ਵੀ ਕੀਤਾ ਜਾਏਗਾ। ਤੁਹਾਨੂੰ ਅੰਤਰਰਾਸ਼ਟਰੀ ਸੁਰੱਖਿਆ ਪ੍ਰਸ਼ਨਾਵਲੀ ਦੇ ਉਚਿੱਤ ਭਾਗ ਵਿੱਚ ਸੰਬੰਧਿਤ ਜਾਣਕਾਰੀ ਸਥਾਪਿਤ ਕਰਨੀ ਚਾਹੀਦੀ ਹੈ।

ਤੁਹਾਨੂੰ ਆਪਣੀਆਂ ਹਾਲਤਾਂ ਵਿੱਚ ਕਿਸੇ ਵੀ ਬਦਲਾਵ ਬਾਰੇ IPO ਨੂੰ ਵੀ ਸੂਚਨਾ ਦੇਣੀ ਚਾਹੀਦੀ ਹੈ ਜਿਹੜੀ ਬਣੇ ਰਹਿਣ ਲਈ ਤੁਹਾਨੂੰ ਸਵੀਕ੍ਰਿਤੀ ਦੇਣ ਜਾਂ ਮਨ੍ਹਾਂ ਕਰਨ ਲਈ ਸੰਬੰਧਿਤ ਹੋ ਸਕਦੀ ਹੈ।

ਇਸ ਤੇ **ਸੈਕਸ਼ਨ 13** ਵਿੱਚ ਵਧੇਰੇ ਵਿਸਤਾਰ ਵਿੱਚ ਕੰਮ ਕੀਤਾ ਗਿਆ ਹੈ।

## 1.7 ਪਰਿਵਾਰ ਪੁਨਰਮਿਲਨ ਕੀ ਹੁੰਦਾ ਹੈ?

1.7.1 ਜੇਕਰ ਤੁਹਾਨੂੰ ਸ਼ਰਨਾਰਥੀ ਜਾਂ ਸਹਾਇਕ ਸੁਰੱਖਿਆ ਦਰਜਾ ਪ੍ਰਦਾਨ ਕੀਤਾ ਜਾਂਦਾ ਹੈ, ਤਾਂ ਤੁਸੀਂ ਆਪਣੇ ਪਰਿਵਾਰ ਦੇ ਕੁੱਝ ਕੁ ਮੈਂਬਰਾਂ ਨੂੰ ਸਟੇਟ (ਆਇਰਲੈਂਡ) ਵਿੱਚ ਦਾਖਲ ਹੋਣ ਅਤੇ ਰਹਿਣ ਲਈ ਸਵੀਕ੍ਰਿਤੀ ਲੈਣ ਵਾਸਤੇ ਸਵੀਕ੍ਰਿਤੀ ਦੀ ਮਿਤੀ ਤੋਂ ਇੱਕ ਸਾਲ ਦੀ ਅਵਧੀ ਦੇ ਅੰਦਰ, ਮੰਤਰੀ ਕੋਲ ਅਪਲਾਈ ਕਰ ਸਕਦੇ ਹੋ। । **ਇਹ ਕੇਵਲ ਜੀਵਨ ਸਾਥੀਆਂ, ਸਿਵਲ ਭਾਗੀਦਾਰਾਂ (ਜਿੱਥੇ ਤੁਸੀਂ ਵਿਆਹੇ ਗਏ ਸੀ ਜਾਂ ਆਪਣੀ ਸੁਰੱਖਿਆ ਦੀ ਅਰਜ਼ੀ ਦੀ ਮਿਤੀ ਤੇ ਉਸ ਵਿਅਕਤੀ ਨਾਲ ਇੱਕ ਸਿਵਲ ਭਾਗੀਦਾਰੀ ਵਿੱਚ), 18 ਸਾਲ ਦੀ ਉਮਰ ਤੋਂ ਘੱਟ ਦੇ ਬੱਚਿਆਂ, ਅਤੇ ਇੱਕ ਨਾਬਾਲਗ ਸਵੀਕ੍ਰਿਤ ਸੁਰੱਖਿਆ ਦੀ ਸੂਰਤ ਵਿੱਚ, ਬਿਨੈਕਾਰ ਦੇ ਮਾਪਿਆਂ ਅਤੇ ਭੈਣਾਂ-ਭਰਾਵਾਂ ਜਿਹੜੇ 18 ਸਾਲ ਤੋਂ ਘੱਟ ਹੁੰਦੇ ਹਨ ਨਾਲ ਸੰਬੰਧ ਰੱਖਦਾ ਹੈ।**

1.7.2 ਮੰਤਰੀ ਅਰਜ਼ੀ ਦੀ ਜਾਂਚ ਕਰੇਗਾ ਅਤੇ, ਜੇਕਰ ਸੰਤੁਸ਼ਟ ਹੁੰਦਾ ਹੈ ਕਿ ਉਹ ਵਿਅਕਤੀ ਪਰਿਵਾਰ ਪੁਨਰਮਿਲਨ ਦੀਆਂ ਲੋੜਾਂ ਦੁਆਰਾ ਕਵਰ ਕੀਤੇ ਅਨੁਸਾਰ ਤੁਹਾਡੇ ਪਰਿਵਾਰ ਦਾ ਸਦੱਸ ਹੈ, ਤਾਂ ਉਸ ਵਿਅਕਤੀ ਨੂੰ ਇੱਕ ਰਿਹਾਇਸ਼ ਦੀ ਸਵੀਕ੍ਰਿਤੀ ਦਿੱਤੀ ਜਾਏਗੀ।

1.7.3 ਮੰਤਰੀ ਜਨਤਕ ਸੁਰੱਖਿਆ, ਜਨਤਕ ਪਾਲਿਸੀ ਜਾਂ ਜਨਤਕ ਹੁਕਮ ਦੇ ਹਿੱਤਾਂ ਸਮੇਤ ਬਹੁਤ ਸਾਰੇ ਕਾਰਣਾਂ ਕਰਕੇ ਇੱਕ ਪਰਿਵਾਰ ਮੈਂਬਰ ਨੂੰ ਸਵੀਕ੍ਰਿਤੀ ਦੇਣ ਤੋਂ ਮਨ੍ਹਾਂ ਕਰ ਸਕਦਾ ਹੈ ਜਾਂ ਜਿੱਥੇ ਅਜਿਹਾ ਇੱਕ ਪਰਿਵਾਰਕ ਮੈਂਬਰ ਹੋਵੇਗਾ, ਜਾਂ ਹੁੰਦਾ ਹੈ, ਇੱਕ ਸ਼ਰਨਾਰਥੀ ਬਣਨ ਤੋਂ ਜਾਂ ਇੱਕ ਵਿਅਕਤੀ ਸਹਾਇਕ ਸੁਰੱਖਿਆ ਲਈ ਯੋਗ ਵਿਅਕਤੀ ਹੁੰਦਾ ਹੈ।

1.7.4 ਇਹ ਨੋਟ ਕਰਨਾ ਮਹੱਤਵਪੂਰਣ ਹੈ ਕਿ ਜਦੋਂ ਤੁਸੀਂ ਅੰਤਰਰਾਸ਼ਟਰੀ ਸੁਰੱਖਿਆ ਲਈ ਇੱਕ ਅਰਜ਼ੀ ਦਿੰਦੇ ਹੋ ਤਾਂ ਤੁਹਾਨੂੰ ਪਰਿਵਾਰਕ ਮੈਂਬਰਾਂ ਦੇ ਉਹ ਸਾਰੇ ਵੇਰਵੇ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ ਜਿਹੜੇ ਪਰਿਵਾਰਕ ਪੁਨਰਮਿਲਨ ਲਈ ਨਿਰੰਤਰ ਯੋਗ ਹੋ ਸਕਦੇ ਹਨ। ਸ਼ਰਨਾਰਥੀ ਜਾਂ ਸਹਾਇਕ ਸੁਰੱਖਿਆ ਦਰਜੇ ਦੀ ਇੱਕ ਘੋਸ਼ਣਾ ਮੰਤਰੀ ਦੁਆਰਾ ਤੁਹਾਨੂੰ ਦਿੱਤੀ ਜਾਣੀ ਚਾਹੀਦੀ ਹੈ।

1.7.5 ਹੋਰ ਜਾਣਕਾਰੀ ਲਈ ਕਿਰਪਾ ਕਰਕੇ ਦੇਖੋ **ਸੈਕਸ਼ਨ 14**।

# ਸੈਕਸ਼ਨ 2
# ਲਾਭਕਾਰੀ
# ਸ਼ਬਦ

## 2.1 ਅੰਤਰਰਾਸ਼ਟਰੀ ਸੁਰੱਖਿਆ ਦਫ਼ਤਰ (IPO) ਕੀ ਹੁੰਦਾ ਹੈ?

2.1.1 IPO ਆਇਰਿਸ਼ ਨੈਚੁਰਾਲਾਈਜੇਸ਼ਨ ਅਤੇ ਇਮੀਗ੍ਰੇਸ਼ਨ ਸਰਵਿਸ (INIS) ਦੇ ਅੰਦਰ ਇੱਕ ਦਫ਼ਤਰ ਹੈ, ਜੋ ਅੰਤਰਰਾਸ਼ਟਰੀ ਸੁਰੱਖਿਆ ਲਈ ਅਰਜ਼ੀਆਂ ਦੀ ਜਾਂਚ ਕਰਨ ਅਤੇ ਪ੍ਰਕਿਰਿਆ ਕਰਨ ਲਈ ਜਿੰਮੇਵਾਰ ਹੈ। IPO ਦਾ ਮੁਖੀ ਮੁੱਖ ਅੰਤਰਰਾਸ਼ਟਰੀ ਸੁਰੱਖਿਆ ਅਧਿਕਾਰੀ ਹੁੰਦਾ ਹੈ, ਜੋ ਅੰਤਰਰਾਸ਼ਟਰੀ ਸੁਰੱਖਿਆ ਅਧਿਕਾਰੀਆਂ ਦੀ ਇੱਕ ਟੀਮ ਦੀ ਅਗਵਾਈ ਕਰਦਾ ਹੈ। ਮੰਤਰੀ ਦੇ ਆਧਾਰ ਤੇ, IPO ਦਾ ਸਟਾਫ਼ ਵੀ ਇਹ ਫੈਸਲਾ ਕਰੇਗਾ, ਕਿ ਕੀ ਅੰਤਰਰਾਸ਼ਟਰੀ ਸੁਰੱਖਿਆ ਲਈ ਅਸਫ਼ਲ ਰਹੇ ਬਿਨੈਕਾਰਾਂ ਲਈ ਦੂਜੇ ਆਧਾਰਾਂ ਤੇ ਸਟੇਟ (ਆਇਰਲੈਂਡ) ਵਿੱਚ ਬਣੇ ਰਹਿਣ ਲਈ ਸਵੀਕ੍ਰਿਤੀ ਦੇਣੀ ਹੈ ਜਾਂ ਨਹੀਂ।

## 2.2 ਅੰਤਰਰਾਸ਼ਟਰੀ ਸੁਰੱਖਿਆ ਅਪੀਲਜ਼ ਟ੍ਰਿਬਿਊਨਲ (IPAT) ਕੀ ਹੁੰਦਾ ਹੈ?

2.2.1 IPAT ਸਥਾਪਿਤ ਕੀਤੀ ਗਈ ਇੱਕ ਵਿਧਾਨਕ ਸੁਤੰਤਰ ਸੰਸਥਾ ਹੈ ਇਹ ਸੁਨਿਸ਼ਚਿਤ ਕਰਨ ਲਈ ਕਿ ਕੀ ਅੰਤਰਰਾਸ਼ਟਰੀ ਸੁਰੱਖਿਆ ਅਪੀਲਾਂ ਅਤੇ ਅਜਿਹੀ ਹੋਰ ਅਪੀਲ ਅੰਤਰਰਾਸ਼ਟਰੀ ਸੁਰੱਖਿਆ ਐਕਟ 2015 ਅਤੇ ਦੂਜੇ ਉਚਿੱਤ ਵਿਧਾਨ ਦੁਆਰਾ ਕੰਮ ਕਰਦੀ ਹੈ।

## 2.3 ਮੰਤਰੀ ਕੌਣ ਹੈ?

2.3.1 ਮੰਤਰੀ ਨਿਆਂ ਅਤੇ ਬਰਾਬਰਤਾ ਲਈ ਮੰਤਰੀ ਹੁੰਦਾ ਹੈ।

## 2.4 ਇੱਕ ਸ਼ਰਨਾਰਥੀ ਕਿਸ ਨੂੰ ਮੰਨਿਆ ਜਾਂਦਾ ਹੈ?

2.4.1 ਇੱਕ *ਸ਼ਰਨਾਰਥੀ* ਵਜੋਂ ਪਹਿਚਾਣ ਕਰਨ ਲਈ, ਤੁਹਾਨੂੰ ਇੱਕ ਉਹ ਵਿਅਕਤੀ ਹੋਣਾ ਚਾਹੀਦਾ ਹੈ ਜੋ, ਇਨ੍ਹਾਂ ਕਾਰਨਾਂ ਦੇ ਕਾਰਣ ਸਤਾਏ ਜਾਣ ਦੇ ਡਰ ਦੇ ਤਹਿਤ ਆਉਂਦਾ ਹੋਵੇ

(i) ਜਾਤੀ,
(ii) ਧਰਮ,
(iii) ਕੌਮੀਅਤ,
(iv) ਰਾਜਨੀਤਿਕ ਰਾਏ ਜਾਂ
(v) ਇੱਕ ਵਿਸ਼ੇਸ਼ ਸਮਾਜਿਕ ਵਰਗ ਦੀ ਮੈਂਬਰਸ਼ਿੱਪ,

ਕੌਮੀਅਤ ਦੇ ਆਪਣੇ ਦੇਸ਼ ਤੋਂ ਬਾਹਰ ਹੋਵੇ ਅਤੇ ਅਯੋਗ ਹੋਵੇ, ਜਾਂ ਅਜਿਹੇ ਡਰ ਦੇ ਕਾਰਣ, ਉਸ ਦੇਸ਼ ਦੀ ਸੁਰੱਖਿਆ ਲੈਣ ਦਾ ਇਛੁੱਕ ਨਾ ਹੋਵੇ, ਜਾਂ ਇੱਕ ਰਾਜ਼ਰਹਿਤ ਵਿਅਕਤੀ, ਜੋ, ਉੱਪਰ ਦਰਸਾਏ ਗਏ ਅਨੁਸਾਰ ਸਮਾਨ ਕਾਰਣਾਂ ਕਰਕੇ ਪਿਛਲੇ ਆਦਤਨ ਨਿਵਾਸ ਦੇ ਆਪਣੇ ਦੇਸ਼ ਤੋਂ ਬਾਹਰ ਰਹਿਣ ਕਰਕੇ, ਇਸ ਵਿੱਚ ਵਾਪਸ ਜਾਣ ਦੇ ਅਯੋਗ ਹੋਵੇ ਜਾਂ, ਅਜਿਹੇ ਡਰ ਦੇ ਕਾਰਣ ਜਾਣ ਦੀ ਇੱਛਾ ਨਾ ਰੱਖਦਾ ਹੋਵੇ।

ਵਿਅਕਤੀਆਂ ਦੀਆਂ ਕੁੱਝ ਕੁ ਸ਼੍ਰੇਣੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਸ਼ਰਨਾਰਥੀ ਦਰਜਾ ਪ੍ਰਦਾਨ ਕਰਨ ਤੋਂ ਅਲੱਗ ਰੱਖਿਆ ਗਿਆ ਹੈ (**ਦੇਖੋ ਸੈਕਸ਼ਨ 2.8**)।

## 2.5 ਸਹਾਇਕ ਸੁਰੱਖਿਆ ਲਈ ਯੋਗ ਕੌਣ ਹੁੰਦਾ ਹੈ?

2.5.1 ਇਹ ਇੱਕ ਉਹ ਦਰਜਾ ਹੁੰਦਾ ਹੈ ਜਿਹੜਾ ਸ਼ਰਨਾਰਥੀ ਦੇ ਦਰਜੇ ਦੇ ਸਮਾਨ ਹੁੰਦਾ ਹੈ। ਇਹ ਉੱਥੇ ਪ੍ਰਦਾਨ ਕੀਤਾ ਜਾਂਦਾ ਹੈ ਜਿੱਥੇ ਵਿਅਕਤੀ ਇੱਕ ਸ਼ਰਨਾਰਥੀ ਦੇ ਦਰਜੇ ਲਈ ਯੋਗ ਨਹੀਂ ਹੁੰਦਾ ਹੈ ਪਰ ਜਿੱਥੇ IPO ਸਮਝਦਾ ਹੈ ਕਿ ਵਿਅਕਤੀ ਨੂੰ ਆਪਣੇ ਮੂਲ ਦੇਸ਼ ਵਿੱਚ ਸਚਮੁੱਚ ਇੱਕ ਗੰਭੀਰ ਖਤਰੇ ਦਾ ਜ਼ੋਖਿਮ ਹੁੰਦਾ ਹੈ।

ਸ਼ੁੱਧ ਪਰਿਭਾਸ਼ਾ ਹੈ ਕਿ *ਉਹ ਵਿਅਕਤੀ ਜੋ ਸਹਾਇਕ ਸੁਰੱਖਿਆ ਲਈ ਯੋਗ ਹੁੰਦਾ ਹੈ*ਉਹ ਹੁੰਦਾ ਹੈ

(i) ਜਯੂਰੋਪੀਅਨ ਯੂਨੀਅਨ ਦੇ ਇੱਕ ਮੈਂਬਰ ਸਟੇਟ ਦਾ ਨਾਗਰਿਕ ਨਾ ਹੋਵੇ,

(ii) ਜੋ ਇੱਕ ਸ਼ਰਨਾਰਥੀ ਬਣਨ ਦੇ ਯੋਗ ਨਹੀਂ ਹੁੰਦਾ ਹੈ,

(iii) ਜਿਸ ਲਈ ਉਨ੍ਹਾਂ ਵਾਸਤੇ ਉਚਿਤ ਆਧਾਰਾਂ ਨੂੰ ਦਰਸਾਇਆ ਗਿਆ ਹੋਵੇ ਇਹ ਵਿਸ਼ਵਾਸ਼ ਕਰਨ ਲਈ ਕਿ ਉਹ, ਜੇਕਰ ਆਪਣੇ ਮੂਲ ਦੇਸ਼/ ਪੁਰਾਣੇ ਆਦਤਨ ਰਿਹਾਇਸ਼ ਦੇ ਦੇਸ਼ ਨੂੰ ਵਾਪਸ ਪਰਤਦਾ ਜਾਂ ਪਰਤਦੀ ਹੈ, ਤਾਂ ਉਹ ਜ਼ੋਖਿਮਇੱਕ ਗੰਭੀਰ ਜ਼ੋਖਿਮ ਦਾ ਸਾਹਮਣਾ ਕਰੇਗਾ ਜਾਂ ਕਰੇਗੀ, ਅਤੇ ਜੋ ਅਯੋਗ ਹੁੰਦਾ ਹੈ, ਜਾਂ ਜਿਸ ਨੂੰ ਅਜਿਹਾ ਖਤਰਾ ਹੁੰਦਾ ਹੈ, ਉਹ ਆਪਣੇ ਦੇਸ਼ ਦੀ ਸੁਰੱਖਿਆ ਪ੍ਰਾਪਤ ਕਰਨ ਦਾ ਇਛੁਕ ਨਾ ਹੋਵੇ ਅਤੇ

(iv) ਜਿਸ ਨੂੰ ਕੁੱਝ ਕਾਰਣਾਂ ਕਰਕੇ ਸਹਾਇਕ ਸੁਰੱਖਿਆ ਲਈ ਯੋਗਤਾ ਤੋਂ ਨਿਕਾਲਿਆ ਨਾ ਗਿਆ ਹੋਵੇ। ਕਿਰਪਾ ਕਰਕੇ ਦੇਖੋ ਪੈਰਾ **2.8.2.**

## 2.6 ਗੰਭੀਰ ਜ਼ੋਖਿਮ ਕੀ ਹੁੰਦਾ ਹੈ?

2.6.1 *ਗੰਭੀਰ ਜ਼ੋਖਿਮ* ਤੋਂ ਭਾਵ:

(i) ਮੌਤ ਦੀ ਸਜਾ ਜਾਂ ਫਾਂਸੀ,

(ii) ਆਪਣੇ ਹੀ ਦੇਸ਼/ ਪੁਰਾਣੀ ਆਦਤਨ ਰਿਹਾਇਸ਼ ਦੇ ਦੇਸ਼ ਵਿੱਚ ਵਿਅਕਤੀ ਨੂੰ ਧਮਕਾਉਣਾ ਜਾਂ ਅਣਮਨੁੱਖੀ ਜਾਂ ਘਟੀਆ ਵਿਵਹਾਰ ਜਾਂ ਸਜਾ ਦੇਣਾ, ਜਾਂ

(iii) ਅੰਤਰਰਾਸ਼ਟਰੀ ਜਾਂ ਅੰਦਰੂਨੀ ਹਥਿਆਰਬੰਦ ਝਗੜੇ ਦੀ ਇੱਕ ਹਾਲਤ ਵਿੱਚ ਭੇਦਭਾਵ ਦੀ ਹਿੰਸਾ ਦੇ ਕਾਰਣ ਕਰਕੇ ਇੱਕ ਨਾਗਰਿਕ ਦੇ ਜੀਵਨ ਜਾਂ ਵਿਅਕਤੀ ਨੂੰ ਗੰਭੀਰ ਅਤੇ ਵਿਅਕਤੀਗਤ ਧਮਕੀ।

## 2.7 ਰੀਫਾਊਲਮੈਂਟ ਦੀ ਪਾਬੰਦੀ ਕੀ ਹੁੰਦੀ ਹੈ?

2.7.1 ਰੀਫਾਊਲਮੈਂਟ ਦੀ ਬੰਦਸ਼ ਤੋਂ ਭਾਵ ਹੈ ਕਿ ਮੰਤਰੀ ਵਿਅਕਤੀ ਨੂੰ ਇੱਕ ਦੇਸ਼ ਦੇ ਫਰੰਟੀਅਰ ਤੇ ਨਹੀਂ ਧਕੇਲੇਗਾ ਜਾਂ ਵਾਪਸ ਨਹੀਂ ਭੇਜੇਗਾ, ਜਿੱਥੇ ਮੰਤਰੀ ਦੀ ਰਾਏ ਵਿੱਚ,

(i) ਵਿਅਕਤੀ ਦੇ ਜੀਵਨ ਜਾਂ ਸੁਤੰਤਰਤਾ ਨੂੰ ਜਾਤੀ, ਧਰਮ, ਕੌਮੀਅਤ, ਇੱਕ ਵਿਸ਼ੇਸ਼ ਸਮਾਜਿਕ ਵਰਗ ਦੀ ਮੈਂਬਰਸ਼ਿੱਪ ਜਾਂ ਰਾਜਨੀਤਿਕ ਰਾਏ ਕਾਰਣ ਖਤਰਾ ਹੋਵੇਗਾ, ਜਾਂ

(ii) ਇੱਕ ਗੰਭੀਰ ਖਤਰਾ ਹੁੰਦਾ ਹੈ ਕਿ ਵਿਅਕਤੀ ਨੂੰ ਮੌਤ ਦੀ ਸਜਾ ਦਿੱਤੀ ਜਾਏਗੀ, ਧਮਕਾਇਆ ਜਾਂ ਹੋਣ ਅਣਮਨੁੱਖੀ ਜਾਂ ਘਟੀਆ ਵਿਵਹਾਰ ਜਾਂ ਸਜਾ ਦਿੱਤੀ ਜਾਏਗੀ।

ਮੰਤਰੀ ਨੂੰ ਇਸ ਫਰਜ਼ ਦੀ ਪਾਲਣਾ ਕਰਨੀ ਚਾਹੀਦੀ ਹੈ ਕਿ ਕੀ ਵਿਅਕਤੀ ਨੂੰ ਸ਼ਰਨਾਰਥੀ ਜਾਂ ਸਹਾਇਕ ਸੁਰੱਖਿਆ ਪ੍ਰਦਾਨ ਕੀਤੀ ਜਾਣੀ ਹੈ ਜਾਂ ਨਹੀਂ।

## 2.8 ਅੰਤਰਰਾਸ਼ਟਰੀ ਸੁਰੱਖਿਆ ਵਿੱਚ ਕੌਣ ਸ਼ਾਮਲ ਨਹੀਂ ਹਨ?

2.8.1 ਵਿਅਕਤੀ ਨੂੰ ਸ਼ਰਨਾਰਥੀ ਦਰਜਾ ਦੇਣ ਤੋਂ ਮਨ੍ਹਾਂ ਕੀਤਾ ਗਿਆ ਹੈ ਜਿੱਥੇ:

(i) ਉਹ ਯੂਨਾਈਟਿਡ ਨੇਸ਼ਨਜ਼ ਦੇ ਅੰਗਾਂ ਜਾਂ ਏਜੰਸੀਆਂ ਤੋਂ ਸੁਰੱਖਿਆ ਜਾਂ ਸਹਾਇਤਾ ਪ੍ਰਾਪਤ ਕਰ ਰਿਹਾ ਹੈ ਜਾਂ ਕਰ ਰਹੀ ਹੈ (ਸ਼ਰਨਾਰਥੀਆਂ ਲਈ ਯੂਨਾਈਟਿਡ ਨੇਸ਼ਨਜ਼ ਹਾਈ ਕਮਿਸ਼ਨਰ ਤੋਂ ਇਲਾਵਾ (UNHCR)), ਜਿਵੇਂ ਕਿ ਯੂਨਾਈਟਿਡ ਨੇਸ਼ਨਜ਼ ਰਿਲੀਫ਼ ਅਤੇ ਵਰਕਜ਼ ਏਜੰਸੀ (UNRWA) ਅਤੇ ਉਸ ਸੁਰੱਖਿਆ ਜਾਂ ਸਹਾਇਤਾ ਨੂੰ ਬੰਦ ਨਹੀਂ ਕੀਤਾ ਗਿਆ ਹੈ।

(ii) ਉਸ ਦੀ ਪਛਾਣ ਉਸ ਦੇਸ਼ ਦੇ ਯੋਗ ਅਧਿਕਾਰੀਆਂ ਦੁਆਰਾ ਕੀਤੀ ਗਈ ਹੈ ਜਿਸ ਵਿੱਚ ਉਸ ਨੇ ਅਧਿਕਾਰਾਂ ਅਤੇ ਫਰਜਾਂ ਵਜੋਂ ਰਿਹਾਇਸ਼ ਲਈ ਹੋਈ ਹੈ ਜਿਹੜੇ ਉਸ ਦੇਸ਼ ਦੀ ਨਾਗਰਿਕਤਾ ਦੇ ਕਬਜੇ ਨਾਲ ਜੁੜੇ ਹੁੰਦੇ ਹਨ, ਜਾਂ ਉਨ੍ਹਾਂ ਸਮਾਨ ਅਧਿਕਾਰਾਂ ਅਤੇ ਫਰਜਾਂ ਦੇ ਨਾਲ, ਜਾਂ

(iii) ਵਿਚਾਰ ਕਰਨ ਲਈ ਗੰਭੀਰ ਕਾਰਣ ਹੁੰਦੇ ਹਨ ਕਿ ਉਸ ਨੇ:

a. ਸ਼ਾਂਤੀ ਦੇ ਖਿਲਾਫ ਇੱਕ ਜੁਰਮ, ਇੱਕ ਯੁੱਧ ਦਾ ਜੁਰਮ, ਜਾਂ ਮਨੁੱਖਤਾ ਦੇ ਖਿਲਾਫ਼ ਇੱਕ ਜੁਰਮ ਕੀਤਾ ਹੈ, ਜਿਵੇਂ ਅਜਿਹੇ ਜੁਰਮਾਂ ਦੇ ਸੰਬੰਧ ਵਿੱਚ ਪ੍ਰਾਵਧਾਨ ਤਿਆਰ ਕਰਨ ਲਈ ਅੰਤਰਰਾਸ਼ਟਰੀ ਦਸਤਾਵੇਜਾਂ ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ,

b. ਸਟੇਟ (ਆਇਰਲੈਂਡ) ਵਿੱਚ ਉਸ ਦੇ ਪਹੁੰਚਣ ਤੋਂ ਪਹਿਲਾਂ ਉਸ ਨੇ ਸਟੇਟ (ਆਇਰਲੈਂਡ) ਤੋਂ ਬਾਅਰ ਇੱਕ ਗੰਭੀਰ ਗੈਰ-ਰਾਜਨੀਤਿਕ ਜੁਰਮ ਕੀਤਾ ਹੈ, ਜਾਂ

c. ਸੰਯੁਕਤ ਰਾਜਾਂ ਦੇ ਉਦੇਸ਼ਾਂ ਅਤੇ ਸਿਧਾਂਤਾਂ ਦੇ ਉਲਟ ਐਕਟਾਂ ਦਾ ਦੋਸ਼ੀ ਬਣਿਆ ਹੈ।

ਕਿਰਪਾ ਕਰਕੇ ਨੋਟ ਕਰੋ ਕਿ ਇਹ ਬੇਦਖਲੀ ਉੱਥੇ ਵੀ ਲਾਗੂ ਹੁੰਦੀ ਹੈ ਜਿੱਥੇ ਵਿਚਾਰ ਕਰਨ ਲਈ ਗੰਭੀਰ ਕਾਰਣ ਹੁੰਦੇ ਹਨ ਕਿ ਵਿਅਕਤੀ ਨੇ (iii) ਵਿੱਚ ਦਰਸਾਏ ਇੱਕ ਜੁਰਮ ਜਾਂ ਕਾਰਵਾਈ ਕਰਨ ਨੂੰ ਉਕਸਾਇਆ ਹੈ ਜਾਂ ਭਾਗ ਲਿਆ ਹੈ।

2.8.2 ਇੱਕ ਵਿਅਕਤੀ ਨੂੰ ਸਹਾਇਕ ਸੁਰੱਖਿਆ ਲਈ ਯੋਗ ਹੋਣ ਤੋਂ ਨਿਕਾਲਿਆ ਜਾਂਦਾ ਹੈ ਜਿੱਥੇ ਵਿਚਾਰ ਕਰਨ ਲਈ ਗੰਭੀਰ ਕਾਰਣ ਹੁੰਦੇ ਹਨ ਕਿ ਉਸ ਨੇ:

(i) ਸ਼ਾਂਤੀ ਦੇ ਖਿਲਾਫ ਇੱਕ ਜੁਰਮ, ਇੱਕ ਯੁੱਧ ਦਾ ਜੁਰਮ, ਜਾਂ ਮਨੁੱਖਤਾ ਦੇ ਖਿਲਾਫ਼ ਇੱਕ ਜੁਰਮ ਕੀਤਾ ਹੈ, ਜਿਵੇਂ ਅਜਿਹੇ ਜੁਰਮਾਂ ਦੇ ਸੰਬੰਧ ਵਿੱਚ ਪ੍ਰਾਵਧਾਨ ਤਿਆਰ ਕਰਨ ਲਈ ਅੰਤਰਰਾਸ਼ਟਰੀ ਦਸਤਾਵੇਜਾਂ ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ,

(ii) ਇੱਕ ਗੰਭੀਰ ਜੁਰਮ ਕੀਤਾ ਹੈ,

(iii) ਸੰਯੁਕਤ ਰਾਜਾਂ ਦੇ ਉਦੇਸ਼ਾਂ ਅਤੇ ਸਿਧਾਂਤਾਂ ਦੇ ਉਲਟ ਐਕਟਾਂ ਦਾ ਦੋਸ਼ੀ ਬਣਿਆ ਹੈ, ਜਾਂ

(iv) ਸਮੁਦਾਇ ਜਾਂ ਸਟੇਟ (ਆਇਰਲੈਂਡ) ਦੀ ਸੁਰੱਖਿਆ ਲਈ ਇੱਕ ਖਤਰਾ ਹੁੰਦਾ ਹੈ।

ਕਿਰਪਾ ਕਰਕੇ ਨੋਟ ਕਰੋ ਕਿ ਇਹ ਬੇਦਖਲੀ ਉੱਥੇ ਵੀ ਲਾਗੂ ਹੁੰਦੀ ਹੈ ਜਿੱਥੇ ਵਿਚਾਰ ਕਰਨ ਲਈ ਗੰਭੀਰ ਕਾਰਣ ਹੁੰਦੇ ਹਨ ਕਿ ਵਿਅਕਤੀ ਨੇ (i) – (iv) ਵਿੱਚ ਦਰਸਾਏ ਇੱਕ ਜੁਰਮ ਜਾਂ ਕਾਰਵਾਈ ਕਰਨ ਦੇ ਕਮਿਸ਼ਨ ਨੂੰ ਉਕਸਾਇਆ ਹੈ ਜਾਂ ਭਾਗ ਲਿਆ ਹੈ।

2.8.3 ਇੱਕ ਵਿਅਕਤੀ ਨੂੰ ਸਹਾਇਕ ਸੁਰੱਖਿਆ ਲਈ ਯੋਗ ਬਣਨ ਤੋਂ ਬੇਦਖਲ ਕੀਤਾ ਜਾਂਦਾ ਹੈ ਜੇਕਰ ਉਸਨੇ, ਸਟੇਟ (ਆਇਰਲੈਂਡ) ਵਿੱਚ ਆਪਣੇ ਪਹੁੰਚਣ ਤੋਂ ਪਹਿਲਾਂ, **ਪੈਰਾ 2.8.2** ਵਿੱਚ ਨਾ ਦਰਸਾਏ ਅਨੁਸਾਰ ਇੱਕ ਜੁਰਮ ਕੀਤਾ ਹੈ ਜੋ, ਜੇਕਰ ਸਟੇਟ (ਆਇਰਲੈਂਡ) ਵਿੱਚ ਕੀਤਾ ਗਿਆ ਹੈ, ਉਹ ਕੈਦ ਕਰਨ ਰਾਹੀਂ ਸਜਾ ਦੇ ਯੋਗ ਹੈ ਅਤੇ ਜੇਕਰ ਉਸ ਨੇ ਉਸ ਜੁਰਮ ਦੇ ਨਤੀਜੇ ਵਜੋਂ ਸਵੀਕ੍ਰਿਤੀਆਂ ਤੋਂ ਬਚਣ ਲਈ ਆਪਣੇ ਮੂਲ ਦੇਸ਼/ ਪੁਰਾਣੀ ਆਦਤਨ ਰਿਹਾਇਸ਼ ਦੇ ਦੇਸ਼ ਨੂੰ ਛੱਡਿਆ ਹੋਵੇ।

## 2.9 EURODAC ਕੀ ਹੈ?

EURODAC EU ਡਬਲਿਨ ਰੈਗੂਲੇਸ਼ਨ ਦੇ ਪ੍ਰਭਾਵਸ਼ਾਲੀ ਲਾਗੂਕਰਨ ਲਈ ਜਿੰਮੇਵਾਰ ਦੇਸ਼ਾਂ ਵਿਚਕਾਰ ਫਿੰਗਰਪ੍ਰਿੰਟਾਂ ਦੇ ਅਦਾਨ-ਪ੍ਰਦਾਨ ਅਤੇ ਮੁਲਾਂਕਣ ਲਈ ਇੱਕ ਇਲੈਕਟ੍ਰਿਕ ਸਿਸਟਮ ਹੈ। ਕਿਰਪਾ ਕਰਕੇ EU ਡਬਲਿਨ ਰੈਗੂਲੇਸ਼ਨ ਤੇ ਜਾਣਕਾਰੀ ਲਈ **ਸੈਕਸ਼ਨ 10** ਨੂੰ ਦੇਖੋ।

## 2.10 ਸਧਾਰਨ ਯਾਤਰਾ ਖੇਤਰ ਦਾ ਕੀ ਸਕੋਪ ਹੈ?

2.10.1 ਸਧਾਰਨ ਯਾਤਰਾ ਖੇਤਰ (CTA) ਆਇਰਲੈਂਡ, ਯੂਨਾਈਟਿਡ ਕਿੰਗਡਮ, ਚੈਨਲ ਆਇਲੈਂਡਜ ਅਤੇ ਮੈਨ ਦੀਪ ਤੋਂ ਬਣਦਾ ਹੈ।

# ਸੈਕਸ਼ਨ 3
# ਅੰਤਰਰਾਸ਼ਟਰੀ ਸੁਰੱਖਿਆ ਪ੍ਰਕਿਰਿਆ

## 3.1 ਮੈਂ ਕੀ ਆਸ ਕਰ ਸਕਦਾ ਹਾਂ ਜਦੋਂ ਮੈਂ ਅੰਤਰਰਾਸ਼ਟਰੀ ਸੁਰੱਖਿਆ ਲਈ ਆਪਣੀ ਅਰਜ਼ੀ ਦਿੰਦਾ ਹਾਂ?

3.1.1 ਜਦੋਂ ਤੁਸੀਂ ਅੰਤਰਰਾਸ਼ਟਰੀ ਸੁਰੱਖਿਆ ਲਈ ਅਪਲਾਈ ਕਰਦੇ ਹੋ ਤੁਸੀਂ ਆਸ ਕਰ ਸਕਦੇ ਹੋ ਕਿ:

(i) ਤੁਹਾਡੀ ਉਮਰ, ਅਪੰਗਤਾ, ਰਾਸ਼ਟਰੀਅਤਾ, ਨਸਲ, ਜਾਤੀ, ਲਿੰਗ, ਸੈਕਸੂਅਲ ਅਨੁਰੂਪਣ, ਧਰਮ ਜਾਂ ਵਿਸ਼ਵਾਸ਼ ਦੇ ਬਾਵਜੂਦ ਤੁਹਾਡੇ ਨਾਲ ਆਦਰ, ਮਾਣ ਅਤੇ ਨਿਰਪੱਖਤਾ ਨਾਲ ਵਿਵਹਾਰ ਕੀਤਾ ਜਾਏਗਾ।

(ii) IPO ਪਛਾਣਦਾ ਹੈ ਕਿ ਇਹ ਪ੍ਰਕਿਰਿਆ ਤੁਹਾਡੇ ਲਈ ਅਣਜਾਣ ਹੋ ਸਕਦੀ ਹੈ ਅਤੇ ਇਹ ਕਿ ਤੁਹਾਨੂੰ ਦਰਦਨਾਕ ਅਨੁਭਵ ਹੋ ਸਕਦੇ ਹਨ, ਅਤੇ ਇਹ ਕਿ ਤੁਹਾਨੂੰ ਆਪਣੇ ਬਾਰੇ ਸੰਵੇਦਨਸ਼ੀਲ ਜਾਣਕਾਰੀ ਪ੍ਰਦਾਨ ਕਰਨਾ ਮੁਸ਼ਕਲ ਹੋ ਸਕਦਾ ਹੈ।

(iii) ਤੁਹਾਡੀ ਅਰਜ਼ੀ ਤੇ ਵਿਚਾਰ ਕਰਨ ਵੇਲੇ ਤੁਹਾਡੇ ਵਿਅਕਤੀਗਤ ਹਾਲਾਤਾਂ ਨੂੰ ਪੂਰੀ ਤਰ੍ਹਾਂ ਨਾਲ ਕੰਮ ਵਿੱਚ ਲਿਆਉਣ ਲਈ, IPO ਚਾਹੁੰਦਾ ਹੈ ਕਿ ਤੁਸੀਂ ਕਿਸੇ ਵੀ ਸੰਵੇਦਨਸ਼ੀਲ ਜਾਣਕਾਰੀ ਨੂੰ ਸਾਂਝਾ ਕਰਨ ਵਿੱਚ ਸੁਰੱਖਿਅਤ ਮਹਿਸੂਸ ਕਰੋ, ਉਦਾਹਰਣ ਵਜੋਂ, ਬਲਾਤਕਾਰ, ਧਮਕੀ, ਕੋਈ ਵੀ ਬਦਸਲੂਕੀ, ਜਾਂ ਆਪਣੇ ਯੌਨ ਬਾਰੇ, ਜਿੱਥੇ ਤੁਹਾਡੀ ਅਰਜ਼ੀ ਨਾਲ ਸੰਬੰਧਿਤ ਹੋਵੇ। ਕਾਨੂੰਨ ਦੇ ਅਨੁਸਾਰ ਤੁਹਾਡੀ ਅਰਜ਼ੀ ਦੇ ਸੰਬੰਧ ਵਿੱਚ ਪ੍ਰਦਾਨ ਕੀਤੇ ਗਏ ਸਾਰੇ ਵੇਰਵਿਆਂ ਨੂੰ ਗੁਪਤ ਰੱਖਿਆ ਜਾਏਗਾ ਅਤੇ ਤੁਹਾਡੇ ਮੂਲ ਦੇਸ਼ ਵਿੱਚ ਅਧਿਕਾਰੀਆਂ ਨੂੰ ਜਾਂ ਆਇਰਲੈਂਡ ਵਿੱਚ ਤੁਹਾਡੇ ਦੇਸ਼ ਦੇ ਪ੍ਰਤੀਨਿਧੀਆਂ ਨੂੰ ਨਹੀਂ ਦੱਸਿਆ ਜਾਏਗਾ।

(iv) ਤੁਹਾਡੇ ਖਾਸ ਅਨੁਭਵ ਅਜਿਹੇ ਹੋਣੇ ਚਾਹੀਦੇ ਹਨ ਕਿ ਤੁਸੀਂ ਆਪਣੇ ਅਨੁਭਵਾਂ ਬਾਰੇ ਇੱਕ ਪੁਰਸ਼ ਜਾਂ ਇੱਕ ਔਰਤ ਨਾਲ ਅਸਾਨੀ ਨਾਲ ਗੱਲਬਾਤ ਕਰ ਸਕੋ, ਜਿੱਥੇ ਸੰਭਵ ਹੋਵੇ, IPO ਅਜਿਹੀਆਂ ਬੇਨਤੀਆਂ ਨੂੰ ਅਨੁਕੂਲ ਬਣਾਉਣਗੇ।

(v) ਤੁਹਾਨੂੰ ਪੁੱਛਿਆ ਜਾਏਗਾ ਕਿ ਕੀ ਤੁਸੀਂ ਅੰਗਰੇਜੀ ਵਿੱਚ IPO ਨਾਲ ਗੱਲ ਕਰਨ ਵਿੱਚ ਖੁਸ਼ ਹੋ ਜਾਂ ਕੀ ਤੁਹਾਨੂੰ ਇੱਕ ਅਨੁਵਾਦਕ ਦੀ ਲੋੜ ਹੋਵੇਗੀ। ਜਿੱਥੇ ਜ਼ਰੂਰੀ ਅਤੇ ਸੰਭਵ ਹੋਵੇ, ਉਚਿੱਤ ਸੰਚਾਰ ਨੂੰ ਸੁਨਿਸ਼ਚਿਤ ਬਣਾਉਣ ਲਈ ਇੱਕ ਅਨੁਵਾਦਕ ਲੈਣ ਦਾ, ਤੁਹਾਨੂੰ ਅਧਿਕਾਰ ਹੁੰਦਾ ਹੈ।

## 3.2 ਅਰਜ਼ੀ ਪ੍ਰਕਿਰਿਆ ਵਿੱਚ ਆਰੰਭਿਕ ਸਟੈਪ ਕਿਹੜੇ ਹਨ?

3.2.1 ਇਹ ਨੋਟ ਕਰਨਾ ਮਹੱਤਵਪੂਰਣ ਹੈ ਕਿ ਇਸ ਤੋਂ ਪਹਿਲਾਂ ਤੁਸੀਂ ਅੰਤਰਰਾਸ਼ਟਰੀ ਸੁਰੱਖਿਆ ਲਈ ਬੇਨਤੀ ਕਰ ਸਕੋ ਤੁਹਾਨੂੰ ਪਹਿਲਾਂ ਇੱਕ ਮੁਢਲੀ ਇੰਟਰਵਿਊ ਨੂੰ ਪੂਰਾ ਕਰਨਾ ਚਾਹੀਦਾ ਹੈ ਜਿਹੜਾ ਇਸ ਵਿਚਾਰ ਨੂੰ ਸ਼ਾਮਲ ਕਰੇਗਾ ਕਿ ਕੀ ਤੁਹਾਡੀ ਅਰਜ਼ੀ ਦਾਖ਼ਲ ਕਰਨ ਦੇ ਯੋਗ ਹੈ ਜਾਂ ਕੀ IPO ਦੁਆਰਾ ਸਵੀਕਾਰ ਕੀਤਾ ਜਾ ਸਕਦਾ ਹੈ।

## 3.3 ਮੇਰੀ ਅਰਜ਼ੀ ਦੇ ਦਾਖਲ ਹੋਣ ਨੂੰ ਕਿਵੇਂ ਸੁਨਿਸ਼ਚਿਤ ਕੀਤਾ ਜਾਏਗਾ?

3.3.1 ਇਸ ਤੋਂ ਪਹਿਲਾਂ ਤੁਸੀਂ ਅੰਤਰਰਾਸ਼ਟਰੀ ਸੁਰੱਖਿਆ ਲਈ ਇੱਕ ਅਰਜ਼ੀ ਦੇ ਸਕੋ, ਤੁਹਾਨੂੰ ਆਪਣੀ ਮੁਢਲੀ ਇੰਟਰਵਿਊ ਦੇ ਹਿੱਸੇ ਵਜੋਂ, ਇੱਕ ਅੰਤਰਰਾਸ਼ਟਰੀ ਅਧਿਕਾਰੀ ਨੂੰ ਸੰਤੁਸ਼ਟ ਕਰਨਾ ਚਾਹੀਦਾ ਹੈ ਕਿ ਤੁਹਾਡੀ ਅਰਜ਼ੀ ਦਾਖਲ ਕਰਨ ਦੇ ਯੋਗ ਹੈ।

3.3.2 ਤੁਹਾਡੀ ਅਰਜ਼ੀ ਦਾਖਲ ਕਰਨ ਯੋਗ ਨਹੀਂ ਹੋਵੇਗੀ (ਅਤੇ ਤੁਸੀਂ ਸੁਰੱਖਿਆ ਲਈ ਅਪਲਾਈ ਕਰਨ ਦੇ ਹੱਕਦਾਰ ਨਹੀਂ ਹੋਵੋਗੇ) ਜੇਕਰ:

(i) ਕਿਸੇ ਹੋਰ ਈਯੂ ਮੈਂਬਰ ਸਟੇਟ ਨੇ ਤੁਹਾਨੂੰ ਸ਼ਰਨਾਰਥੀ ਦਰਜਾ ਜਾਂ ਸਹਾਇਕ ਸੁਰੱਖਿਆ ਪ੍ਰਦਾਨ ਕੀਤੀ ਹੋਵੇ ਅਤੇ/ਜਾਂ

(ii) ਇੱਕ ਈਯੂ ਮੈਂਬਰ ਸਟੇਟ ਤੋਂ ਇਲਾਵਾ, ਇੱਕ ਦੇਸ਼

a. ਨੇ ਤੁਹਾਡੀ ਇੱਕ ਸ਼ਰਨਾਰਥੀ ਵਜੋਂ ਪਛਾਣ ਕੀਤੀ ਹੈ ਅਤੇ ਤੁਸੀਂ ਅਜੇ ਵੀ ਉਸ ਸੁਰੱਖਿਆ ਨੂੰ ਪ੍ਰਾਪਤ ਕਰ ਸਕਦੇ ਹੋ, ਜਾਂ

b. ਗੈਰ-ਰੀਫਾਊਲਮੇਂਟ ਦੇ ਸਿਧਾਂਤ ਤੋਂ ਲਾਭ ਲੈਣ ਸਮੇਤ ਤੁਸੀਂ ਕਿਸੀ ਤਰ੍ਹਾਂ ਉਸ ਦੇਸ਼ ਵਿੱਚ ਉਚਿਤ ਸੁਰੱਖਿਆ ਦਾ ਆਨੰਦ ਮਾਣਦੇ ਹੋ, ਅਤੇ ਤੁਹਾਨੂੰ ਉਸ ਦੇਸ਼ ਵਿੱਚ ਦੁਬਾਰਾ ਦਾਖਲਾ ਦਿੱਤਾ ਜਾਏਗਾ।

3.3.3 ਇੱਕ ਅੰਤਰਰਾਸ਼ਟਰੀ ਸੁਰੱਖਿਆ ਅਧਿਕਾਰੀ ਮੁਢਲੀ ਇੰਟਰਵਿਊ ਤੋਂ ਬਾਅਦ ਤੁਹਾਡੀ ਅਰਜ਼ੀ ਦੇ ਦਾਖਲ ਹੋਣ ਦੀ ਯੋਗਤਾ ਬਾਰੇ ਇੱਕ ਸੁਝਾਵ ਦੇਵੇਗਾ।

3.3.4 ਤੁਹਾਨੂੰ ਇੱਕ ਅੰਤਰਰਾਸ਼ਟਰੀ ਸੁਰੱਖਿਆ ਅਧਿਕਾਰੀ ਤੋਂ ਇੱਕ ਸੁਝਾਵ ਪ੍ਰਾਪਤ ਕਰਨਾ ਚਾਹੀਦਾ ਹੈ ਕਿ ਅੰਤਰਰਾਸ਼ਟਰੀ ਸੁਰੱਖਿਆ ਲਈ ਤੁਹਾਡੀ ਅਰਜ਼ੀ ਦਾਖਲ ਕਰਨਯੋਗ ਨਹੀਂ ਹੈ, ਤੁਸੀਂ ਕਾਰਣਾਂ ਦੇ ਨਾਲ ਇੱਕ ਲਿਖਤੀ ਰਿਪੋਰਟ ਪ੍ਰਾਪਤ ਕਰੋਗੇ।

3.3.5 ਤੁਸੀਂ ਉਚਿੱਤ ਕਾਨੂੰਨੀ ਅਵਧੀ ਦੇ ਅੰਦਰ IPAT ਕੋਲ ਉਸ ਸੁਝਾਵ ਲਈ ਅਪੀਲ ਕਰਨ ਦੇ ਹੱਕਦਾਰ ਹੋਵੋਗੇ। ਅਪੀਲਾਂ ਤੇ ਹੋਰ ਜਾਣਕਾਰੀ ਨੂੰ **ਸੈਕਸ਼ਨ 5** ਵਿੱਚ ਰੱਖਿਆ ਗਿਆ ਹੈ। **IPAT ਦਾ ਫੈਸਲਾ ਬਿਨਾਂ ਇੱਕ ਮੌਖਿਕ ਸੁਣਵਾਈ ਤੋਂ ਕੀਤਾ ਜਾਏਗਾ।**

3.3.6 ਜੇਕਰ ਅੰਤਰਰਾਸ਼ਟਰੀ ਸੁਰੱਖਿਆ ਅਧਿਕਾਰੀ ਸੁਝਾਵ ਦਿੰਦਾ ਹੈ ਕਿ ਤੁਹਾਡੀ ਅਰਜ਼ੀ ਦਾਖ਼ਲ ਕਰਨਯੋਗ ਨਹੀਂ ਹੈ, ਅਤੇ ਉਸ ਸੁਝਾਵ ਦੀ IPAT ਦੁਆਰਾ ਪੁਸ਼ਟੀ ਕੀਤੀ ਜਾਂਦੀ ਹੈ, ਮੰਤਰੀ ਨੂੰ ਫੈਸਲਾ ਕਰਨਾ ਚਾਹੀਦਾ ਹੈ ਕਿ ਤੁਹਾਡੀ ਅਰਜ਼ੀ ਦਾਖਲ ਕਰਨ ਦੇ ਯੋਗ ਨਹੀਂ ਹੈ।

3.3.7 ਜੇਕਰ ਅਰਜ਼ੀ ਦਾਖਲ ਕਰਨ ਯੋਗ ਪਾਈ ਜਾਂਦੀ ਹੈ, ਚਾਹੇ IPO ਦੁਆਰਾ ਜਾਂ IPAT ਦੁਆਰਾ, ਤਾਂ ਇਸ ਨੂੰ ਜਾਂਚ ਲਈ ਮੰਤਰੀ ਦੁਆਰਾ ਅਤੇ ਪੁਸ਼ਟੀਕਰਣ ਲਈ IPO ਦੁਆਰਾ ਸਵੀਕਾਰ ਕੀਤਾ ਜਾਏਗਾ।

### 3.4 ਜੇਕਰ ਮੈਂ ਅੰਤਰਰਾਸ਼ਟਰੀ ਸੁਰੱਖਿਆ ਲਈ ਇੱਕ ਪਿਛਲੀ ਅਰਜ਼ੀ ਤੇ ਪਹਿਲਾਂ ਹੀ ਇੱਕ ਫੈਸਲਾ ਪ੍ਰਾਪਤ ਕਰ ਲਿਆ ਹੈ, ਤਾਂ ਕੀ ਮੈਂ ਇੱਕ ਹੋਰ ਅਰਜ਼ੀ (ਨਿਰੰਤਰ ਅਰਜ਼ੀ) ਦੇ ਸਕਦਾ ਹਾਂ?

3.4.1 ਮੰਤਰੀ ਦੀ ਸਵੀਕ੍ਰਿਤੀ ਤੋਂ ਬਿਨਾਂ ਕੋਈ ਵਿਅਕਤੀ ਅੰਤਰਰਾਸ਼ਟਰੀ ਸੁਰੱਖਿਆ ਲਈ ਦੂਜੀ ਜਾਂ ਹੋਰ ਅਰਜ਼ੀ *(ਅਗਲੀ ਅਰਜ਼ੀ)* ਨਹੀਂ ਦੇ ਸਕਦਾ ਹੈ।

3.4.2 ਅੰਤਰਰਾਸ਼ਟਰੀ ਸੁਰੱਖਿਆ ਲਈ ਇੱਕ ਅਗਲੀ ਅਰਜ਼ੀ ਤਿਆਰ ਕਰਨ ਲਈ ਮੰਤਰੀ ਦੀ ਮਨਜ਼ੂਰੀ ਲਈ ਅਰਜ਼ੀ ਲਿਖਤੀ ਰੂਪ ਵਿੱਚ ਮੰਤਰੀ ਨੂੰ ਦਿੱਤੀ ਜਾਣੀ ਚਾਹੀਦੀ ਹੈ ਅਤੇ ਇਸ ਤੇ ਇੱਕ ਅੰਤਰਰਾਸ਼ਟਰੀ ਸੁਰੱਖਿਆ ਅਧਿਕਾਰੀ ਦੁਆਰਾ ਵਿਚਾਰ ਕੀਤਾ ਜਾਏਗਾ।

3.4.3 ਇੱਕ ਅਗਲੀ ਅਰਜ਼ੀ ਤਿਆਰ ਕਰਨ ਦਾ ਹੱਕ ਪ੍ਰਾਪਤ ਕਰਨ ਲਈ, ਹੇਠਾਂ ਦਿੱਤੀਆਂ ਸ਼ਰਤਾਂ ਨੂੰ ਪੂਰਾ ਕਰਨਾ ਚਾਹੀਦਾ ਹੈ:

(i) ਅੰਤਰਰਾਸ਼ਟਰੀ ਸੁਰੱਖਿਆ ਲਈ ਪਿਛਲੀ ਅਰਜ਼ੀ ਦੇ ਸੁਦ੍ਰਿੜੀਕਰਣ ਤੋਂ ਬਾਅਦ, ਨਵੇਂ ਐਲੀਮੈਂਟਾਂ ਜਾਂ ਲੱਭਤਾਂ ਨੂੰ ਤੁਹਾਡੇ ਰਾਹੀਂ ਉਠਾਇਆ ਜਾਂ ਪੇਸ਼ ਕੀਤਾ ਜਾਂਦਾ ਹੈ ਜਿਹੜੀ ਇਸ ਨੂੰ ਵਧੇਰੇ ਮਹੱਤਵਪੂਰਣ ਬਣਾਉਂਦੀ ਹੈ ਜਿਸ ਲਈ ਤੁਸੀਂ ਅੰਤਰਰਾਸ਼ਟਰੀ ਸੁਰੱਖਿਆ ਲਈ ਯੋਗ ਹੋਵੋਗੇ,

ਅਤੇ

ਤੁਸੀਂ, ਆਪਣੀ ਹੀ ਗਲਤੀ ਰਾਹੀਂ, ਆਪਣੀ ਪਿਛਲੀ ਅਰਜ਼ੀ ਦੇ ਉਦੇਸ਼ਾਂ ਲਈ ਇਨ੍ਹਾਂ ਐਲੀਮੈਂਟਾਂ ਜਾ ਲੱਭਤਾਂ ਨੂੰ ਪੇਸ਼ ਕਰਨ ਦੇ ਅਯੋਗ ਹੋ,

ਜਾਂ

(ii) ਜੇਕਰ ਪਿਛਲੀ ਅਰਜ਼ੀ ਨੂੰ ਵਾਪਸ ਲਿਆ ਗਿਆ ਸੀ ਜਾਂ ਵਾਪਸ ਲੈਣ ਲਈ ਸਹਿਮਤ ਹੋ ਗਏ ਹੋ, ਵਾਪਸੀ ਜਾਂ ਮੰਨੀ ਗਈ ਵਾਪਸੀ ਦੇ ਸਮੇਂ ਤੇ, ਆਪਣੇ ਹੀ ਦੋਸ਼ ਦੇ ਰਾਹੀਂ, ਆਪਣੀ ਪਿਛਲੀ ਅਰਜ਼ੀ ਦਾ ਪਿੱਛਾ ਕਰਨ ਦੇ ਯੋਗ ਨਹੀਂ ਹੁੰਦੇ ਹੋ।

3.4.4 ਜੇਕਰ ਅੰਤਰਰਾਸ਼ਟਰੀ ਸੁਰੱਖਿਆ ਅਧਿਕਾਰੀ ਸੁਝਾਵ ਦਿੰਦਾ ਹੈ ਕਿ ਮੰਤਰੀ ਨੂੰ ਤੁਹਾਨੂੰ ਇੱਕ ਅਗਲੀ ਅਰਜ਼ੀ ਤਿਆਰ ਕਰਨ ਦੀ ਸਵੀਕ੍ਰਿਤੀ ਦੇਣੀ ਚਾਹੀਦੀ ਹੈ, ਤਾਂ ਮੰਤਰੀ ਤੁਹਾਨੂੰ ਉਹ ਸਵੀਕ੍ਰਿਤੀ ਪ੍ਰਦਾਨ ਕਰੇਗਾ ਅਤੇ ਫਿਰ ਤੁਸੀਂ ਅਰਜ਼ੀ ਤਿਆਰ ਕਰ ਸਕਦੇ ਹੋ।

ਜੇਕਰ ਅੰਤਰਰਾਸ਼ਟਰੀ ਸੁਰੱਖਿਆ ਅਧਿਕਾਰੀ ਸੁਝਾਵ ਦਿੰਦਾ ਹੈ ਕਿ ਮੰਤਰੀ ਨੂੰ ਤੁਹਾਨੂੰ ਇੱਕ ਅਗਲੀ ਅਰਜ਼ੀ ਤਿਆਰ ਕਰਨ ਦੀ ਸਵੀਕ੍ਰਿਤੀ ਨਹੀਂ ਦੇਣੀ ਚਾਹੀਦੀ ਹੈ, ਤਾਂ ਤੁਸੀਂ ਕਾਰਣਾਂ ਦੇ ਨਾਲ ਇੱਕ ਲਿਖਤ ਰਿਪੋਰਟ ਪ੍ਰਾਪਤ ਕਰੋਗੇ।

3.4.5 ਤੁਸੀਂ ਉਪਯੁਕਤ ਨਿਯਾਮਿਕ ਅਵਧੀ ਦੇ ਅੰਦਰ IPAT ਕੋਲ ਅਗਲੇ ਸੁਝਾਵ ਤੇ ਅਪੀਲ ਕਰਨ ਦੇ ਹੱਕਦਾਰ ਹੁੰਦੇ ਹੋ। ਅਪੀਲਾਂ ਤੇ ਹੋਰ ਜਾਣਕਾਰੀ ਨੂੰ **ਸੈਕਸ਼ਨ 5** ਵਿੱਚ ਰੱਖਿਆ ਗਿਆ ਹੈ। **IPAT ਦਾ ਫੈਸਲਾ ਬਿਨਾਂ ਇੱਕ ਮੌਖਿਕ ਸੁਣਵਾਈ ਤੋਂ ਕੀਤਾ ਜਾਏਗਾ।** ਜੇਕਰ ਤੁਸੀਂ ਅਪੀਲ ਨਹੀਂ ਕਰਦੇ ਹੋ, ਤਾਂ ਮੰਤਰੀ ਤੁਹਾਨੂੰ ਇੱਕ ਅਗਲੀ ਅਰਜ਼ੀ ਤਿਆਰ ਕਰਨ ਲਈ ਸਵੀਕ੍ਰਿਤੀ ਦੇਣ ਤੋਂ ਮਨ੍ਹਾਂ ਕਰ ਦੇਵੇਗਾ।

3.4.6 ਜੇਕਰ ਤੁਸੀਂ ਆਪਣੀ ਅਪੀਲ ਵਿੱਚ ਕਾਮਯਾਬ ਹੁੰਦੇ ਹੋ, ਤਾਂ ਮੰਤਰੀ ਤੁਹਾਨੂੰ ਅਗਲੀ ਅਰਜ਼ੀ ਤਿਆਰ ਕਰਨ ਲਈ ਸਵੀਕ੍ਰਿਤੀ ਦੇਵੇਗਾ। ਜੇਕਰ ਤੁਸੀਂ IPAT ਲਈ ਆਪਣੀ ਅਪੀਲ ਦਾਖਲ ਕਰਨ ਵਿੱਚ ਅਸਫ਼ਲ ਰਹਿੰਦੇ ਹੋ, ਤਾਂ ਮੰਤਰੀ ਤੁਹਾਨੂੰ ਇੱਕ ਅਗਲੀ ਅਰਜ਼ੀ ਤਿਆਰ ਕਰਨ ਦੀ ਸਵੀਕ੍ਰਿਤੀ ਦੇਣ ਲਈ ਮਨ੍ਹਾਂ ਕਰੇਗਾ।

## 3.5 ਮੁਢਲੀ ਇੰਟਰਵਿਊ ਕੀ ਹੁੰਦੀ ਹੈ?

3.5.1 ਇੱਕ ਮੁਢਲੀ ਇੰਟਰਵਿਊ ਪੂਰਾ ਕਰਨ ਸਮੇਂ, ਤੁਹਾਨੂੰ ਇਸ ਸੰਬੰਧ ਵਿੱਚ ਕੁੱਝ ਛੋਟੇ ਪ੍ਰਸ਼ਨ, ਦੂਜੀਆਂ ਚੀਜਾਂ ਸਮੇਤ, ਪੁੱਛੇ ਜਾਣਗੇ

(i) ਕੀ ਤੁਸੀਂ ਅੰਤਰਰਾਸ਼ਟਰੀ ਸੁਰੱਖਿਆ ਲਈ ਇੱਕ ਅਰਜ਼ੀ ਤਿਆਰ ਕਰਨ ਦੀ ਇੱਛਾ ਰੱਖਦੇ ਹੋ, ਜੇਕਰ ਹਾਂ, ਤਾਂ ਉਹ ਸਧਾਰਨ ਆਧਾਰ ਜਿਨ੍ਹਾਂ ਤੇ ਅਰਜ਼ੀ ਆਧਾਰਿਤ ਹੈ,
(ii) ਤੁਹਾਡੀ ਪਹਿਚਾਣ,
(iii) ਤੁਹਾਡੀ ਨਾਗਰਿਕਤਾ,
(iv) ਤੁਹਾਡਾ ਮੂਲ ਦੇਸ਼/ ਪੁਰਾਣੀ ਆਦਤਨ ਰਿਹਾਇਸ਼ ਦਾ ਦੇਸ਼,
(v) ਉਹ ਰੂਟ ਜਿਸ ਰਾਹੀਂ ਤੁਸੀਂ ਸਟੇਟ (ਆਇਰਲੈਂਡ) ਵਿੱਚ ਪਹੁੰਚੇ ਹੋ, ਵਰਤੇ ਗਏ ਆਵਾਜਾਈ ਦੇ ਸਾਧਨ ਅਤੇ ਉਸ ਕਿਸੇ ਵੀ ਵਿਅਕਤੀ ਦੇ ਵੇਰਵੇ ਜਿਸ ਨੇ ਤੁਹਾਡੀ ਆਇਰਲੈਂਡ ਵਿੱਚ ਪਹੁੰਚਣ ਵਿੱਚ ਮਦਦ ਕੀਤੀ ਹੈ,
(vi) ਉਹ ਕਾਰਣ ਜਿਸ ਲਈ ਤੁਸੀਂ ਆਇਰਲੈਂਡ ਵਿੱਚ ਆਏ ਹੋ,
(vii) ਸਟੇਟ (ਆਇਰਲੈਂਡ) ਵਿੱਚ ਤੁਹਾਡੀ ਐਂਟਰੀ ਜਾਂ ਮੌਜੂਦਗੀ ਲਈ ਕਾਨੂੰਨੀ ਆਧਾਰ।

3.5.2 ਇਹ ਸੁਨਿਸ਼ਚਿਤ ਕਰਨ ਲਈ ਤੁਹਾਡੇ ਕੋਲੋਂ ਕੁੱਝ ਪ੍ਰਸ਼ਨ ਪੁੱਛੇ ਜਾਣਗੇ ਕਿ ਕੀ ਤੁਹਾਨੂੰ ਅੰਤਰਰਾਸ਼ਟਰੀ ਸੁਰੱਖਿਆ ਪ੍ਰਕਿਰਿਆ ਵਿੱਚ ਦਾਖਲ ਕੀਤਾ ਜਾ ਸਕਦਾ ਹੈ (**ਦੇਖੋ ਸੈਕਸ਼ਨ 3.3 ਅਤੇ 3.4**)।

3.5.3 ਇਸ ਮੁਢਲੀ ਇੰਟਰਵਿਊ ਨੂੰ, ਜਿੱਥੇ ਜਰੂਰੀ ਅਤੇ ਸੰਭਵ ਹੋਵੇ, ਇੱਕ ਦੁਭਾਸ਼ੀਏ ਦੀ ਮਦਦ ਨਾਲ ਸੰਚਾਲਿਤ ਕੀਤਾ ਜਾਏਗਾ।

3.5.4 ਇਸ ਮੁਢਲੀ ਮੁਲਾਕਾਤ ਦਾ ਇੱਕ ਰਿਕਾਰਡ ਇਸ ਨੂੰ ਸੰਚਾਲਿਤ ਕਰਨ ਵਾਲੇ ਅਧਿਕਾਰੀ ਦੁਆਰਾ ਰੱਖਿਆ ਜਾਏਗਾ। ਇਸ ਨੂੰ ਵਾਪਸ ਤੁਹਾਨੂੰ ਪੜ੍ਹ ਕੇ ਸੁਣਾਇਆ ਜਾਏਗਾ ਅਤੇ ਤੁਹਾਡੇ ਕੋਲ ਰਿਕਾਰਡ ਵਿੱਚ ਸ਼ੁੱਧੀਆਂ ਕਰਨ ਦਾ ਮੌਕਾ ਹੋਵੇਗਾ, ਤੁਹਾਨੂੰ ਅਜਿਹਾ ਕਰਨਾ ਚਾਹੀਦਾ ਹੈ। ਤੁਹਾਨੂੰ ਪੁਸ਼ਟੀ ਕਰਨ ਲਈ ਇੱਕ ਘੋਸ਼ਣਾ ਨੂੰ ਸਾਈਨ ਕਰਨ ਲਈ ਕਿਹਾ ਜਾਏਗਾ ਕਿ ਕੀ ਉਹ ਜਾਣਕਾਰੀ ਜੋ ਤੁਸੀਂ ਦਿੱਤੀ ਹੈ ਉਹ ਸਹੀ ਵੀ ਹੈ ਅਤੇ ਇਹ ਕਿ ਕੀ ਕੋਈ ਜ਼ਰੂਰੀ ਸ਼ੁੱਧੀਆਂ ਜਾਂ ਬਦਲਾਵ ਕੀਤੇ ਗਏ ਹਨ। ਇਹ ਵਧੇਰੇ ਮਹੱਤਵਪੂਰਣ ਹੁੰਦਾ ਹੈ ਕਿ ਇਹ ਯਕੀਨੀ ਬਣਾਉਣ ਲਈ ਤੁਸੀਂ ਇਸ ਘੋਸ਼ਣਾਂ ਨੂੰ ਧਿਆਨਪੂਰਵਕ ਪੜ੍ਹ ਲਿਆ ਹੈ ਕਿ ਇਸ ਸਾਰੀ ਸੰਬੰਧਿਤ ਜਾਣਕਾਰੀ ਨੂੰ ਸ਼ਾਮਲ ਕੀਤਾ ਗਿਆ ਹੈ ਜੋ ਤੁਸੀਂ ਮੁਹੱਈਆ ਕੀਤੀ ਹੈ। ਇਹ ਯਕੀਨੀ ਬਣਾਉਣਾ ਤੁਹਾਡੀ ਜ਼ਿੰਮੇਵਾਰੀ ਹੈ ਕਿ ਇੰਟਰਵਿਊ ਦੇ ਦੌਰਾਨ ਤੁਸੀਂ ਗਲਤ ਢੰਗ ਨਾਲ ਪੇਸ਼ ਨਹੀਂ ਕੀਤਾ ਹੈ ਜਾਂ ਗਲਤ ਨਹੀਂ ਸਮਝਿਆ ਹੈ। ਫਿਰ ਤੁਹਾਨੂੰ ਇਸ ਸਹਿਮਤੀ ਵਾਲੇ ਇੰਟਰਵਿਊ ਰਿਕਾਰਡ ਦੀ ਇੱਕ ਪ੍ਰਤੀਲਿਪੀ ਦਿੱਤੀ ਜਾਏਗੀ।

3.5.5 ਇਸ ਮੁਢਲੀ ਇੰਟਰਵਿਊ ਤੋਂ ਬਾਅਦ, ਜੇਕਰ ਤੁਹਾਡੀ ਅਰਜ਼ੀ ਦਾਖ਼ਲ ਹੋਣ ਯੋਗ ਪਾਈ ਜਾਂਦੀ ਹੈ, ਤਾਂ ਤੁਹਾਨੂੰ ਇੱਕ ਅਰਜ਼ੀ ਫਾਰਮ ਭਰਨ ਦੁਆਰਾ ਅੰਤਰਰਾਸ਼ਟਰੀ ਸੁਰੱਖਿਆ ਲਈ ਇੱਕ ਅਰਜ਼ੀ ਦਾਖ਼ਲ ਕਰਨ ਦੀ ਇਜਾਜ਼ਤ ਦਿੱਤੀ ਜਾਏਗੀ।

## 3.6 ਕੀ ਮੇਰੇ ਫਿੰਗਰਪ੍ਰਿੰਟ ਅਤੇ ਦੂਜੀ ਬਾਇਓਮੀਟ੍ਰਿਕ ਜਾਣਕਾਰੀ ਲਈ ਜਾਏਗੀ?

3.6.1 IPO ਤੁਹਾਡੀ ਬਾਇਓਮੀਟ੍ਰਿਕ ਜਾਣਕਾਰੀ ਲਏਗਾ। ਇਸ ਵਿੱਚ ਤੁਹਾਡੇ ਫਿੰਗਰਪ੍ਰਿੰਟ ਅਤੇ ਤੁਹਾਡੀ ਫੋਟੋ ਲੈਣਾ ਸ਼ਾਮਲ ਹੈ। ਇਹ ਤੁਹਾਡੀ ਪਹਿਚਾਣ ਨੂੰ ਸਥਾਪਿਤ ਕਰਨ ਅਤੇ ਜਾਂਚ ਕਰਨ ਦੇ ਉਦੇਸ਼ ਲਈ ਹੈ ਕਿ ਕੀ ਤੁਸੀਂ ਈਯੂ ਡਬਲਿਨ ਰੈਗੂਲੇਸ਼ਨ (**ਦੇਖੋ ਸੈਕਸ਼ਨ 10**) ਲਈ ਇੱਕ ਇਕਰਾਰਨਾਮੇ ਵਾਲੇ ਸਟੇਟ ਵਿੱਚ ਅੰਤਰਰਾਸ਼ਟਰੀ ਸੁਰੱਖਿਆ ਲਈ ਪਹਿਲਾਂ ਇੱਕ ਅਰਜ਼ੀ ਦਿੱਤੀ ਹੈ ਜਾਂ ਨਹੀਂ। ਇਹ ਸੁਨਿਸ਼ਚਿਤ ਕਰਨ ਲਈ ਕਿ ਕੀ ਆਇਰਲੈਂਡ ਤੁਹਾਡੀ ਅਰਜ਼ੀ ਦੀ ਜਾਂਚ ਕਰਨ ਲਈ ਇੱਕ ਜ਼ਿੰਮੇਵਾਰ ਦੇਸ਼ ਹੈ ਜਾਣਕਾਰੀ ਨੂੰ ਦੂਜੇ ਡੈਟਾਬੇਸਾਂ ਵਿੱਚ ਚੈਕ ਕੀਤਾ ਜਾਏਗਾ (EURODAC ਅਤੇ ਵੀਜ਼ਿਆਂ ਸਮੇਤ)।

ਫਿੰਗਰਪ੍ਰਿੰਟ ਇੱਕ ਮਾਤਾ-ਪਿਤਾ ਜਾਂ ਜ਼ਿੰਮੇਵਾਰ ਬਾਲਗ ਦੀ ਮੌਜੂਦਗੀ ਵਿੱਚ 14 ਸਾਲ ਦੀ ਉਮਰ ਤੋਂ ਘੱਟ ਵਿਅਕਤੀ ਤੋਂ ਹੀ ਲਏ ਜਾਣਗੇ ਜਾਂ, ਜੇਕਰ ਲਾਗੂ ਹੁੰਦਾ ਹੋਵੇ, TUSLA ਦੁਆਰਾ ਨਿਯੁਕਤ ਕੀਤੇ ਗਏ ਇੱਕ ਵਿਅਕਤੀ ਦੀ ਮੌਜੂਦਗੀ ਵਿੱਚ। - ਅਰਜ਼ੀ ਤਿਆਰ ਕਰਨ ਲਈ ਬਾਲ ਅਤੇ ਪਰਿਵਾਰ ਏਜੰਸੀ ਅਤੇ ਪ੍ਰਕਿਰਿਆ ਦੌਰਾਨ ਬਿਨੈਕਾਰ ਨੂੰ ਪੇਸ਼ ਕਰਦੀ ਹੈ।

## 3.7 ਕੀ ਮੈਨੂੰ ਅੰਤਰਰਾਸ਼ਟਰੀ ਸੁਰੱਖਿਆ ਪ੍ਰਕਿਰਿਆ ਤੇ ਲਿਖਤ ਜਾਣਕਾਰੀ ਮਿਲੇਗੀ?

3.7.1 ਇਸ ਬੁੱਕਲੈਟ ਦੇ ਨਾਲ ਤੁਹਾਨੂੰ ਅੰਤਰਰਾਸ਼ਟਰੀ ਸੁਰੱਖਿਆ ਪ੍ਰਸ਼ਨਾਵਲੀ ਲਈ ਅਰਜ਼ੀ ਦਿੱਤੀ ਜਾਏਗੀ ਜਿਸ ਨੂੰ ਪੂਰਾ ਕਰਨਾ ਚਾਹੀਦਾ ਹੈ ਅਤੇ IPO ਨੂੰ ਵਾਪਸ ਕਰਨਾ ਚਾਹੀਦਾ ਹੈ। ਤੁਹਾਨੂੰ IPO ਦੁਆਰਾ ਨਿਰਧਾਰਿਤ ਕੀਤੀ ਗਈ ਮਿਤੀ ਅਤੇ ਸਮੇਂ ਅਨੁਸਾਰ ਪ੍ਰਸ਼ਨਾਵਲੀ ਨੂੰ ਵਾਪਸ ਕਰਨਾ ਚਾਹੀਦਾ ਹੈ।

**ਜੇਕਰ ਤੁਸੀਂ ਕਿਸੇ ਨਿਰਧਾਰਿਤ ਮਿਤੀ ਤੇ ਆਪਣੀ ਪ੍ਰਸ਼ਨਾਵਲੀ ਨੂੰ ਵਾਪਸ ਕਰਨ ਵਿੱਚ ਅਸਫ਼ਲ ਰਹਿੰਦੇ ਹੋ, ਤਾਂ ਤੁਹਾਨੂੰ ਆਪਣੀ ਅਰਜ਼ੀ ਦੀ ਜਾਂਚ ਵਿੱਚ ਸਹਿਯੋਗ ਕਰਨ ਦੀ ਆਪਣੀ ਡਿਊਟੀ ਵਿੱਚ ਅਸਫ਼ਲ ਹੋਣਾ ਪਾਇਆ ਜਾ ਸਕਦਾ ਹੈ। ਇਸ ਸੰਬੰਧ ਵਿੱਚ, ਕਿਰਪਾ ਕਰਕੇ ਦੇਖੋ ਸੈਕਸ਼ਨ 4.4 ਅਤੇ ਸੈਕਸ਼ਨ 8.2।**

3.7.2 ਇਹ ਸੁਝਾਵ ਦਿੱਤਾ ਜਾਂਦਾ ਹੈ ਕਿ ਤੁਸੀਂ ਆਪਣੀ ਪ੍ਰਸ਼ਨਾਵਲੀ ਨੂੰ ਪੂਰਾ ਕਰਨ ਤੋਂ ਪਹਿਲਾਂ ਕਾਨੂੰਨੀ ਸੁਝਾਵ ਪ੍ਰਾਪਤ ਕਰੋ।

## 3.8 ਮੈਨੂੰ ਆਪਣੇ ਨਾਲ ਕੀ ਲਿਆਉਣ ਦੀ ਲੋੜ ਹੈ ਜਦੋਂ ਮੈਂ ਆਪਣੀ ਅੰਤਰਰਾਸ਼ਟਰੀ ਸੁਰੱਖਿਆ ਲਈ ਅਰਜ਼ੀ ਦਿੰਦਾ ਹਾਂ?

3.8.1 ਆਪਣੀ ਅਰਜ਼ੀ ਦੇਣ ਵੇਲੇ ਤੁਹਾਨੂੰ IPO ਕੋਲ ਆਪਣੇ ਕਬਜੇ ਵਿੱਚ ਪਏ ਕਿਸੇ ਵੀ ਦਸਤਾਵੇਜ਼ ਨੂੰ ਲਿਆਉਣਾ ਚਾਹੀਦਾ ਹੈ। ਇਨ੍ਹਾਂ ਵਿੱਚ ਸ਼ਾਮਲ ਹਨ

- **ਪਾਸਪੋਰਟ** - ਇਹ ਤੁਹਾਡੇ ਪਾਸਪੋਰਟ, ਅਤੇ ਤੁਹਾਡੇ ਜੀਵਨਸਾਥੀ ਅਤੇ/ਜਾਂ ਆਇਰਲੈਂਡ ਵਿੱਚ ਤੁਹਾਡੇ ਨਾਲ ਰਹਿੰਦੇ ਕਿਸੇ ਵੀ ਪਰਆਸ਼ਰਿਤਪਰਆਸ਼ਰਿਤ ਦੇ ਪਾਸਪੋਰਟਾਂ ਨੂੰ ਸ਼ਾਮਲ ਕਰਦਾ ਹੈ (ਜੇਕਰ ਲਾਗੂ ਹੁੰਦਾ ਹੋਵੇ)। ਇਹ IPO ਦੀ ਤੁਹਾਡੀ ਉਮਰ, ਪਹਿਚਾਣ ਅਤੇ ਨਾਗਰਿਕਤਾ ਨੂੰ ਸਥਾਪਿਤ ਕਰਨ ਵਿੱਚ ਮਦਦ ਕਰਦਾ ਹੈ। ਜੇਕਰ ਤੁਸੀਂ ਆਇਰਲੈਂਡ ਲਈ ਆਪਣੀ ਸਾਰੀ ਯਾਤਰਾ ਲਈ ਜਾਂ ਇਸ ਦੇ ਹਿੱਸੇ ਲਈ ਇੱਕ ਗਲਤ ਪਾਸਪੋਰਟ ਦੀ ਵਰਤੋਂ ਕੀਤੀ ਹੈ ਤਾਂ ਉਹ ਵੀ ਤੁਹਾਨੂੰ ਲਿਆਉਣਾ ਚਾਹੀਦਾ ਹੈ।

- **ਕੋਈ ਵੀ ਦੂਜੇ ਯਾਤਰਾ ਦਸਤਾਵੇਜ਼** - ਇਹ ਯਾਤਰਾ ਟਿਕਟਾਂ ਅਤੇ ਬੋਰਡਿੰਗ ਪਾਸਾਂ ਨੂੰ ਸ਼ਾਮਲ ਕਰਦਾ ਹੈ, ਭਾਵੇਂ ਕਿ ਉਨ੍ਹਾਂ ਨੂੰ ਯਾਤਰਾ ਲਈ ਪਾਸਪੋਰਟ ਜਾਂ ਰਾਸ਼ਟਰੀ ਪਛਾਣ ਦਸਤਾਵੇਜ਼ ਤੇ ਨਾਮ ਤੇ ਜਾਰੀ ਨਹੀਂ ਕੀਤਾ ਗਿਆ ਸੀ।

- **ਦੂਜੇ ਦਸਤਾਵੇਜ਼** - ਇਹ ਸ਼ਾਮਲ ਕਰਦਾ ਹੈ ਪਛਾਣ ਕਾਰਡ, ਜਨਮ/ਵਿਆਹ/ਸਕੂਲ ਦੇ ਸਰਟੀਫਿਕੇਟ, ਮੈਂਬਰਸ਼ਿੱਪ ਕਾਰਡ ਅਤੇ ਤੁਹਾਡੇ ਕਲੇਮ ਨਾਲ ਸੰਬੰਧਿਤ ਕੋਈ ਦੂਜੇ ਦਸਤਾਵੇਜ਼।

3.8.2 ਤੁਹਾਨੂੰ IPO ਨੂੰ **ਜਿੰਨੀ ਜਲਦੀ ਸੰਭਵ** ਹੋਵੇ ਆਪਣੀ ਅਰਜ਼ੀ ਦੇ ਸਮਰਥਨ ਵਿੱਚ ਉਪਲਬਧ **ਸਾਰੇ ਦਸਤਾਵੇਜ਼ ਪ੍ਰਦਾਨ** ਕਰਨੇ ਚਾਹੀਦੇ ਹਨ। ਤੁਹਾਨੂੰ ਉਹ ਆਪਣੇ ਨਾਲ IPO ਕੋਲ ਲਿਜਾਉਣੇ ਚਾਹੀਦੇ ਹਨ ਜਾਂ ਜੇਕਰ ਤੁਸੀਂ ਅਜਿਹਾ ਕਰਨ ਦੇ ਯੋਗ ਨਹੀਂ ਹੁੰਦੇ ਹੋ ਜਦੋਂ ਤੁਸੀਂ ਅੰਤਰਰਾਸ਼ਟਰੀ ਸੁਰੱਖਿਆ ਲਈ ਆਪਣੀ ਅਰਜ਼ੀ ਤਿਆਰ ਕਰਦੇ ਹੋ, ਤਾਂ ਤੁਹਾਨੂੰ ਜਿੰਨੀ ਜਲਦੀ ਸੰਭਵ ਹੋਵ ਪਹਿਲਾਂ ਜਾਂ ਆਪਣੀ ਅੰਤਰਰਾਸ਼ਟਰੀ ਸੁਰੱਖਿਆ ਇੰਟਰਵਿਊ ਵੇਲੇ ਪ੍ਰਦਾਨ ਕਰਨਾ ਚਾਹੀਦਾ ਹੈ। ਜੇਕਰ ਤੁਸੀਂ ਇਨ੍ਹਾਂ ਵਿੱਚੋਂ ਕਿਸੇ ਵੀ ਲੋੜਾਂ ਨੂੰ ਪੂਰਾ ਕਰਨ ਦੇ ਅਯੋਗ ਹੁੰਦੇ ਹੋ, ਤਾਂ ਤੁਸੀਂ ਸਮਾਂ ਸੀਮਾ ਦੇ ਅੰਦਰ ਕੋਈ ਵੀ ਵਾਧੂ ਦਸਤਾਵੇਜ਼ IPO ਨੂੰ ਪ੍ਰਦਾਨ ਕਰਨੇ ਚਾਹੀਦੇ ਹਨ ਜਿਹੜੇ ਤੁਹਾਨੂੰ ਤੁਹਾਡੀ ਅੰਤਰਰਾਸ਼ਟਰੀ ਸੁਰੱਖਿਆ ਇੰਟਰਵਿਊ ਤੇ ਪ੍ਰਦਾਨ ਕੀਤੇ ਹੋ ਸਕਦੇ ਹਨ।

3.8.3 ਸ਼ਾਮਲ ਕੀਤੀਆਂ ਪਰਿਸਥਿਤੀਆਂ ਦੇ ਆਧਾਰ ਤੇ, ਦਸਤਾਵੇਜ਼ ਪ੍ਰਦਾਨ **ਕਰਨ ਵਿੱਚ ਅਸਫ਼ਲ ਰਹਿਣ ਨੂੰ** ਅੰਤਰਰਾਸ਼ਟਰੀ ਸੁਰੱਖਿਆ ਪ੍ਰਕਿਰਿਆ ਨਾਲ ਸਹਿਯੋਗ ਕਰਨ ਦੀ ਤੁਹਾਡੀ ਡਿਊਟੀ ਵਿੱਚ ਅਸਫ਼ਲ ਰਹਿਣਾ ਸਮਝਿਆ ਜਾ ਸਕਦਾ ਹੈ। ਕਿਰਪਾ ਕਰਕੇ **ਸੈਕਸ਼ਨ 4.4 ਅਤੇ ਸੈਕਸ਼ਨ 8.2** ਨੂੰ ਦੇਖੋ।

## 3.9 ਇੱਕ ਅਸਥਾਈ ਰਿਹਾਇਸ਼ ਸਰਟੀਫਿਕੇਟ (TRC) ਕੀ ਹੁੰਦਾ ਹੈ ਅਤੇ ਮੈਨੂੰ ਇਹ ਕਦੋਂ ਮਿਲੇਗਾ?

3.9.1 ਜਦੋਂ ਤੁਸੀਂ ਆਪਣੀ ਅਰਜ਼ੀ ਅੰਤਰਰਾਸ਼ਟਰੀ ਸੁਰੱਖਿਆ ਲਈ ਤਿਆਰ ਕਰਦੇ ਹੋ ਅਤੇ ਉਸ ਅਰਜ਼ੀ ਨੂੰ ਦਾਖ਼ਲ ਕਰਨ ਯੋਗ ਪਾਇਆ ਜਾਂਦਾ ਹੈ, ਮੁਢਲੀ ਪ੍ਰਕਿਰਿਆ ਦੇ ਹਿੱਸੇ ਵਜੋਂ ਤੁਸੀਂ ਇੱਕ ਅਸਥਾਈ ਰਿਹਾਇਸ਼ੀ ਸਰਟੀਫਿਕੇਟ (TRC) ਪ੍ਰਾਪਤ ਕਰੋਗੇ। TRC ਇੱਕ ਸਬੂਤ ਹੁੰਦਾ ਹੈ ਕਿ ਤੁਸੀਂ ਆਇਰਲੈਂਡ ਵਿੱਚ ਇੱਕ ਸੁਰੱਖਿਆ ਅਰਜ਼ੀ ਦਾਖਲ ਕੀਤੀ ਹੈ।

3.9.2 TRC ਇੱਕ ਪਛਾਣ ਕਾਰਡ **ਨਹੀਂ** ਹੁੰਦਾ ਅਤੇ ਤੁਹਾਡੀ ਪਛਾਣ ਦਾ ਇੱਕ ਸਬੂਤ ਨਹੀਂ ਹੁੰਦਾ ਪਰ ਇਸ ਵਿੱਚ ਉਹ ਵਿਅਕਤੀਗਤ ਵੇਰਵੇ ਸ਼ਾਮਲ ਹੋਣਗੇ ਜੋ ਤੁਸੀਂ IPO ਨੂੰ ਪ੍ਰਦਾਨ ਕੀਤੇ ਹੁੰਦੇ ਹਨ, ਤੁਹਾਡੇ ਨਾਮ, ਜਨਮ ਮਿਤੀ ਅਤੇ ਰਾਸ਼ਟਰੀਅਤਾ ਦੇ ਨਾਲ ਨਾਲ ਤੁਹਾਡੀ ਫੋਟੋ ਸਮੇਤ।

3.9.3 TRC, ਜਿਸ ਨੂੰ ਰਿਨਿਊ ਕੀਤਾ ਜਾ ਸਕਦਾ ਹੈ, ਮੰਤਰੀ ਦੀ ਸੰਪੱਤੀ ਰਹਿੰਦਾ ਹੈ ਅਤੇ ਤੁਹਾਨੂੰ ਇਸ ਨੂੰ ਸੌਂਪਣਾ ਚਾਹੀਦਾ ਹੈ ਜਦੋਂ ਮੰਤਰੀ ਰਾਹੀਂ ਅਜਿਹਾ ਕਰਨ ਲਈ ਕਿਹਾ ਜਾਂਦਾ ਹੈ। ਤੁਹਾਡੀ TRC ਅਵੈਧ ਹੁੰਦੀ ਹੈ ਜਦੋਂ ਇੱਕ ਸੁਰੱਖਿਆ ਬਿਨੈਕਾਰ ਵਜੋਂ ਸਟੇਟ (ਆਇਰਲੈਂਡ) ਵਿੱਚ ਦਾਖ਼ਲ ਹੋਣ ਅਤੇ ਰਹਿਣ ਲਈ ਤੁਹਾਡੀ ਸਵੀਕ੍ਰਿਤੀ, ਵੈਧ ਨਹੀਂ ਹੁੰਦੀ ਹੈ।

3.9.4 ਕਿਰਪਾ ਕਰਕੇ ਸੁਨਿਸ਼ਚਿਤ ਕਰੋ ਕਿ ਤੁਸੀਂ ਆਪਣੀ TRC ਨੂੰ ਅਪ ਟੂ ਡੇਟ ਰੱਖੋ ਕਿਉਂਕਿ ਇਹ ਦਰਸਾਉਂਦੀ ਹੈ ਤੁਹਾਡੇ ਕੋਲ ਅੰਤਰਰਾਸ਼ਟਰੀ ਸੁਰੱਖਿਆ ਲਈ ਤੁਹਾਡੀ ਅਰਜ਼ੀ ਦੇ ਉਦੇਸ਼ ਲਈ ਸਟੇਟ (ਆਇਰਲੈਂਡ) ਵਿੱਚ ਰਹਿਣ ਦੀ ਇਜਾਜ਼ਤ ਹੈ।

## 3.10 ਕੀ ਹੁੰਦਾ ਹੈ ਜੇਕਰ ਮੈਂ ਅਪੰਗ ਹੁੰਦਾ ਹਾਂ ਜਾਂ ਮੈਨੂੰ ਵਿਸ਼ੇਸ਼ ਲੋੜਾਂ ਹੋਣ?

3.10.1 ਕਿਰਪਾ ਕਰਕੇ ਅਪਣੀ ਇੰਟਰਵਿਊ ਲਈ ਕਿਸੇ ਵੀ ਵਿਸ਼ੇਸ਼ ਲੋੜਾਂ ਜਾਂ ਜ਼ਰੂਰਤਾਂ ਬਾਰੇ ਜਿੰਨਾ ਜਲਦੀ ਸੰਭਵ ਹੋਵੇ ਆਪਣੇ IPO ਨੂੰ ਦੱਸੋ। ਤੁਹਾਨੂੰ ਉਸ ਦਿਨ ਤੇ ਕਿਸੇ ਵੀ ਵਿਸ਼ੇਸ਼ ਲੋੜਾਂ ਬਾਰੇ IPO ਨੂੰ ਸੂਚਿਤ ਕਰਨਾ ਚਾਹੀਦਾ ਹੈ ਕਿ ਤੁਸੀਂ ਇੱਕ ਅਰਜ਼ੀ ਤਿਆਰ ਕਰ ਰਹੇ ਹੋ। ਜਿੱਥੇ ਸੰਭਵ ਹੋਵੇ, IPO ਕਿਸੇ ਵੀ ਉਚਿੱਤ ਲੋੜਾਂ ਨੂੰ ਅਨੁਕੂਲ ਬਣਾਉਣ ਦੀ ਕੋਸ਼ਿਸ਼ ਕਰੇਗਾ ਜਿਨ੍ਹਾਂ ਬਾਰੇ ਤੁਸੀਂ ਸਾਨੂੰ ਸੂਚਿਤ ਕਰਦੇ ਹੋ।

## 3.11 ਜੇਕਰ ਮੈਂ ਹਿਰਾਸਤ ਵਿੱਚ ਜਾਂ ਨਜ਼ਰਬੰਦ ਹੁੰਦਾ ਹਾਂ ਤਾਂ ਕੀ ਮੈਂ ਅੰਤਰਰਾਸ਼ਟਰੀ ਸੁਰੱਖਿਆ ਲਈ ਅਪਲਾਈ ਕਰ ਸਕਦਾ ਹਾਂ?

3.11.1 ਤੁਸੀਂ ਅੰਤਰਰਾਸ਼ਟਰੀ ਸੁਰੱਖਿਆ ਲਈ ਅਪਲਾਈ ਕਰ ਸਕਦੇ ਹੋ ਭਾਵੇਂ ਕਿ ਤੁਸਿਂ ਸਟੇਟ (ਆਇਰਲੈਂਡ) ਵਿੱਚ ਹਿਰਾਸਤ ਵਿੱਚ ਹੋਵੋ ਜਾਂ ਨਜ਼ਰਬੰਦ ਹੋਵੋ। ਤੁਸੀਂ ਅਦਾਰੇ ਦੇ ਗਵਰਨਰ ਰਾਹੀਂ ਸੁਰੱਖਿਆ ਲਈ ਕੇਵਲ ਇੱਕ ਅਰਜ਼ੀ ਤਿਆਰ ਕਰ ਸਕਦੇ ਹੋ ਜਿੱਥੇ ਤੁਹਾਨੂੰ ਹਿਰਾਸਤ ਵਿੱਚ ਲਿਆ ਜਾ ਰਿਹਾ ਹੈ। ਤੁਹਾਨੂੰ ਗਵਰਨਰ ਦੇ ਦਫ਼ਤਰ ਵਿੱਚ ਤੁਰੰਤ ਸੂਚਿਤ ਕਰਨਾ ਚਾਹੀਦਾ ਹੈ ਕਿ ਤੁਸੀਂ ਸੁਰੱਖਿਆ ਲਈ ਇੱਕ ਅਰਜ਼ੀ ਤਿਆਰ ਕਰਨ ਦੀ ਇੱਛਾ ਰੱਖਦੇ ਹੋ। ਗਵਰਨਰ ਦਾ ਦਫ਼ਤਰ ਫਿਰ ਤੁਹਾਡੀ ਅਰਜ਼ੀ ਤੇ ਪ੍ਰਕਿਰਿਆ ਕਰਨ ਲਈ IPO ਨਾਲ ਜ਼ਰੂਰੀ ਪ੍ਰਬੰਧ ਕਰੇਗਾ।

3.11.2 IPO ਹਿਰਾਸਤ ਵਿੱਚ ਇੱਕ ਵਿਅਕਤੀ ਤੋਂ ਇੱਕ ਅਰਜ਼ੀ ਦੀ ਜਾਂਚ ਅਤੇ ਸੁਦ੍ਰਿੜ੍ਹੀਕਰਣ ਲਈ ਪ੍ਰਾਥਿਮਕਤਾ ਤੇ ਤਾਲਮੇਲ ਬਣਾਏਗਾ।

## 3.12 ਉਹ ਕਿਹੜੀਆਂ ਸੂਰਤਾਂ ਹੁੰਦੀਆਂ ਹਨ ਜਿਨ੍ਹਾਂ ਤਹਿਤ ਅੰਤਰਰਾਸ਼ਟਰੀ ਸੁਰੱਖਿਆ ਲਈ ਇੱਕ ਬਿਨੈਕਾਰ ਹਿਰਾਸਤ ਵਿੱਚ ਲਿਆ ਜਾ ਸਕਦਾ ਹੈ?

3.12.1 ਇੱਕ ਇਮੀਗ੍ਰੇਸ਼ਨ ਅਧਿਕਾਰੀ ਜਾਂ ਗਰਡਾ ਸਿਓਚਾਨਾ ਦਾ ਇੱਕ ਮੈਂਬਰ ਬਿਨੈਕਾਰ ਨੂੰ ਬਿਨਾਂ ਵਾਰੰਟ ਤੋਂ ਹਿਰਾਸਤ ਵਿੱਚ ਲੈ ਸਕਦਾ ਹੈ ਜੇਕਰ ਉਸ ਨੂੰ ਉਚਿੱਤ ਰੂਪ ਵਿੱਚ ਸੰਦੇਹ ਹੁੰਦਾ ਹੈ ਕਿ ਬਿਨੈਕਾਰ:

(i) ਸਟੇਟ (ਆਇਰਲੈਂਡ) ਵਿੱਚ ਜਨਤਕ ਸੁਰੱਖਿਆ ਜਾਂ ਜਨਤਕ ਹੁਕਮ ਲਈ ਇੱਕ ਖਤਰਾ ਹੈ,

(ii) ਸਟੇਟ (ਆਇਰਲੈਂਡ) ਤੋਂ ਬਾਹਰ ਇੱਕ ਗੰਭੀਰ ਗੈਰ-ਰਾਜਨੀਤਿਕ ਜੁਰਮ ਕੀਤਾ ਹੋਵੇ,

(iii) ਆਪਣੀ ਪਛਾਣ ਸਥਾਪਿਤ ਕਰਨ ਲਈ ਉਚਿਤ ਯਤਨ ਨਾ ਕੀਤੇ ਹੋਣ,

(iv) ਸਟੇਟ (ਆਇਰਲੈਂਡ) ਨੂੰ ਛੱਡਣ ਦੀ ਯੋਜਨਾ ਹੋਵੇ ਅਤੇ ਬਿਨਾਂ ਕਾਨੂੰਨੀ ਅਧਿਕਾਰੀ ਤੋਂ ਕਿਸੇ ਹੋਰ ਸਟੇਟ ਵਿੱਚ ਦਾਖਲ ਹੁੰਦਾ ਹੋਵੇ,

(v) ਇੱਕ ਅਜਿਹੇ ਤਰੀਕੇ ਨਾਲ ਕੰਮ ਕੀਤਾ ਹੋਵੇ ਜਾਂ ਕੰਮ ਕਰਨਾ ਚਾਹੁੰਦਾ ਹੋਵੇ ਜੋ ਕਮਜੋਰ ਕਰੇਗਾ -

- ਸਟੇਟ (ਆਇਰਲੈਂਡ) ਵਿੱਚ ਵਿਅਕਤੀ ਨੂੰ ਅੰਤਰਰਾਸ਼ਟਰੀ ਸੁਰੱਖਿਆ ਪ੍ਰਦਾਨ ਕਰਨ ਦੀ ਪ੍ਰਣਾਲੀ, ਜਾਂ
- ਸਧਾਰਨ ਯਾਤਰਾ ਖੇਤਰ ਦੇ ਸੰਬੰਧ ਵਿੱਚ ਕੋਈ ਵੀ ਪ੍ਰਬੰਧ (ਦੇਖੋ **ਸੈਕਸ਼ਨ 2.10**), ਜਾਂ

(vi) ਬਿਨਾਂ ਕਿਸੇ ਉਚਿਤ ਕਾਰਣ ਤੋਂ -

- ਆਪਣੀ ਪਛਾਣ ਜਾਂ ਯਾਤਰਾ ਦਸਤਾਵੇਜ਼ ਨੂੰ ਨਸ਼ਟ ਕੀਤਾ ਹੋਵੇ, ਜਾਂ
- ਉਸ ਕੋਲ ਇੱਕ ਜਾਅਲੀ, ਬਦਲੇ ਹੋਏ ਜਾਂ ਵਿਕਲਪਿਕ ਦਸਤਾਵੇਜ਼ ਹੋਵੇ।

3.12.2 ਜੇਕਰ ਤੁਹਾਨੂੰ ਉੱਪਰ ਦੱਸੇ ਵਿੱਚੋਂ ਕਿਸੇ ਲਈ ਗ੍ਰਿਫ਼ਤਾਰ ਕੀਤਾ ਗਿਆ ਹੋਵੇ, ਤਾਂ ਤੁਹਾਨੂੰ ਹਿਰਾਸਤ ਦੇ ਇੱਕ ਨਿਰਧਾਰਿਤ ਸਥਾਨ ਤੇ ਲਿਆਂਦਾ ਜਾ ਸਕਦਾ ਹੈ। ਇਸ ਤਰ੍ਹਾਂ ਨਾਲ ਹਿਰਾਸਤ ਵਿੱਚ ਲਿਆ ਵਿਅਕਤੀ, ਜਿੰਨੀ ਜਲਦੀ ਸੰਭਵ ਹੋਵੇ, ਜਿਲ੍ਹਾ ਅਦਾਲਤ ਵਿੱਚ ਲਿਆਇਆਜਾਂਦਾ ਹੈ, ਜਿਹੜਾ ਵਿਅਕਤੀ ਨੂੰ 21 ਦਿਨਾਂ ਤੱਕ ਦੀ ਅਵਧੀ ਲਈ ਹਿਰਾਸਤ ਵਿੱਚ ਰੱਖ ਸਕਦਾ ਹੈ, ਸ਼ਰਤਾਂ ਦੇ ਅਨੁਸਾਰ ਵਿਅਕਤੀ ਨੂੰ ਰਿਹਾ ਕਰ ਸਕਦਾ ਹੈ। ਅੰਤਰਰਾਸ਼ਟਰੀ ਸੁਰੱਖਿਆ ਲਈ ਅਰਜ਼ੀ ਦੇ ਬਕਾਇਆ ਸੁਦ੍ਰਿੜੀਕਰਣ ਤੇ ਹਿਰਾਸਤ ਦੀ ਅਵਧੀ ਨੂੰ ਸਮੇਂ ਸਮੇਂ ਤੇ 21 ਦਿਨਾਂ ਤੱਕ ਲਈ ਰੀਨਿਊ ਕੀਤਾ ਜਾ ਸਕਦਾ ਹੈ। ਇਨ੍ਹਾਂ ਪ੍ਰਾਵਧਾਨਾਂ ਤਹਿਤ ਹਿਰਾਸਤ ਵਿੱਚ ਲਿਆ ਗਿਆ ਵਿਅਕਤੀ ਇੱਕ ਕਾਨੂੰਨੀ ਪ੍ਰਤੀਨਿਧੀ ਨਾਲ ਸਲਾਹ ਕਰਨ, ਅਤੇ ਕਾਨੂੰਨੀ ਪ੍ਰਤੀਨਿਧੀ ਅਤੇ ਅਦਾਲਤ ਦੀਆਂ ਕਿਸੇ ਵੀ ਪੇਸ਼ੀਆਂ ਲਈ ਸਲਾਹ ਮਸ਼ਵਰੇ ਦੇ ਉਦੇਸ਼ ਲਈ ਇੱਕ ਦੁਭਾਸ਼ੀਏ ਦੀ ਸਹਾਇਤਾ ਪ੍ਰਾਪਤ ਕਰਨ ਦਾ ਹੱਕਦਾਰ ਹੁੰਦਾ ਹੈ।

## 3.13 ਕੀ ਹੁੰਦਾ ਹੈ ਜੇਕਰ ਮੇਰੇ 18 ਸਾਲ ਤੋਂ ਘੱਟ ਉਮਰ ਦੇ ਆਸ਼ਰਿਤ ਹੋਣ?

3.13.1 ਬਸ਼ਰਤੇ ਉਹ ਇੱਕ ਆਇਰਿਸ਼ ਨਾਗਰਿਕ ਨਾ ਹੋਵੇ, 18 ਸਾਲ ਤੋਂ ਘੱਟ ਉਮਰ ਦੇ ਨਿਰਭਰ ਹੋਣ ਵਾਲੇ ਇੱਕ ਬੱਚੇ ਨੂੰ ਤੁਹਾਡੀ ਅਰਜ਼ੀ ਵਿੱਚ ਸ਼ਾਮਲ ਕਰਨ ਦਾ ਹੱਕ ਹੋਵੇਗਾ। ਇਹ ਸੰਭਾਵਨਾ ਲਾਗੂ ਹੁੰਦੀ ਹੈ ਭਾਵੇਂ ਉਹ ਬੱਚਾ ਤੁਹਾਡੀ ਅਰਜ਼ੀ ਦੇ ਤਿਆਰ ਕਰਨ ਦੇ ਸਮੇਂ ਤੇ ਸਟੇਟ (ਆਇਰਲੈਂਡ) ਵਿੱਚ ਮੌਜੂਦ ਸੀ ਜਾਂ ਨਹੀਂ ਸੀ।

3.13.2 ਇਸ ਲਈ, ਜੇਕਰ ਤੁਸੀਂ ਅੰਤਰਰਾਸ਼ਟਰੀ ਸੁਰੱਖਿਆ ਲਈ ਇੱਕ ਅਰਜ਼ੀ ਤਿਆਰ ਕਰਦੇ ਹੋ, ਤੁਹਾਨੂੰ ਆਪਣੇ ਨਿਰਭਰ ਹੋਣ ਵਾਲੇ ਬੱਚੇ ਦੇ ਆਧਾਰ ਤੇ ਇੱਕ ਅਰਜ਼ੀ ਤਿਆਰ ਕਰਨ ਦਾ ਹੱਕ ਵੀ ਹੋਵੇਗਾ ਜੋ ਇੱਕ ਆਇਰਿਸ਼ ਨਾਗਰਿਕ ਨਹੀਂ ਹੁੰਦਾ ਹੈ ਅਤੇ

(a) ਅਰਜ਼ੀ ਤਿਆਰ ਕਰਨ ਦੇ ਸਮੇਂ ਤੇ, ਸਟੇਟ (ਆਇਰਲੈਂਡ) ਵਿੱਚ ਮੌਜੂਦਾ ਹੁੰਦਾ ਹੈ ਅਤੇ ਉਸ ਦੀ ਉਮਰ 18 ਸਾਲ ਤੋਂ ਘੱਟ ਹੁੰਦੀ ਹੈ,

(b) ਸਟੇਟ (ਆਇਰਲੈਂਡ) ਵਿੱਚ ਜਨਮ ਹੋਇਆ ਹੋਵੇ ਜਦੋਂ ਇੱਕ ਬਿਨੈਕਾਰ ਹੁੰਦੇ ਹੋ,

(c) ਜਿਸ ਦੀ ਉਮਰ 18 ਸਾਲ ਤੋਂ ਘੱਟ ਹੁੰਦੀ ਹੈ ਅਤੇ ਸਟੇਟ (ਆਇਰਲੈਂਡ) ਵਿੱਚ ਦਾਖਲ ਹੁੰਦਾ ਹੈ ਜਦੋਂ ਤੁਸੀਂ ਇੱਕ ਬਿਨੈਕਾਰ ਹੁੰਦੇ ਹੋ।

3.12.3 ਜੇਕਰ ਤੁਸੀਂ ਅੰਤਰਰਾਸ਼ਟਰੀ ਸੁਰੱਖਿਆ ਲਈ ਅਰਜ਼ੀ ਦਿੰਦੇ ਹੋ ਅਤੇ ਤੁਹਾਡੇ ਪਰਆਸ਼ਰਿਤ ਬੱਚੇ ਹੋਣ, ਤੁਹਾਨੂੰ ਉਨ੍ਹਾਂ ਨੂੰ IPO ਲਿਆਉਣਾ ਚਾਹੀਦਾ ਹੈ ਜਦੋਂ ਤੁਸੀਂ ਆਪਣੀ ਅਰਜ਼ੀ ਤਿਆਰ ਕਰਦੇ ਹੋ।

3.13.4 **ਮਹੱਤਵਪੂਰਣ: ਜੇਕਰ ਤੁਹਾਡਾ ਬੱਚਾ ਤੁਹਾਡੇ ਰਾਹੀਂ ਅੰਤਰਰਾਸ਼ਟਰੀ ਸੁਰੱਖਿਆ ਲਈ ਇੱਕ ਅਰਜ਼ੀ ਤਿਆਰ ਕਰਨ ਤੋਂ ਬਾਅਦ ਪੈਦਾ ਹੋਇਆ ਹੋਵੇ, ਜਾਂ ਤੁਹਾਡਾ ਕੋਈ ਵੀ ਪਰਆਸ਼ਰਿਤ ਤੁਹਾਡੀ ਅਰਜ਼ੀ ਤਿਆਰ ਕਰਨ ਤੋਂ ਬਾਅਦ ਸਟੇਟ (ਆਇਰਲੈਂਡ) ਵਿੱਚ ਪਹੁੰਚਿਆ ਹੋਵੇ, ਤਾਂ ਤੁਹਾਨੂੰ ਬੱਚੇ/ਬੱਚਿਆਂ ਨੂੰ ਤੁਰੰਤ IPO ਵਿਖੇ ਲਿਆਉਣਾ ਚਾਹੀਦਾ ਹੈ।**

## 3.14 ਮੈਂ ਕਾਨੂੰਨੀ ਸੁਝਾਵ ਕਿੱਥੋਂ ਲੈ ਸਕਦਾ ਹਾਂ?

3.14.1 ਤੁਹਾਡੇ ਕੋਲ ਅੰਤਰਰਾਸ਼ਟਰੀ ਸੁਰੱਖਿਆ ਲਈ ਆਪਣੀ ਅਰਜ਼ੀ ਤਿਆਰ ਕਰਨ ਬਾਰੇ ਇੱਕ ਕਾਨੂੰਨੀ ਪ੍ਰਤੀਨਿਧੀ ਨਾਲ ਸਲਾਹ ਮਸ਼ਵਰਾ ਕਰਨ ਦਾ ਅਧਿਕਾਰ ਹੈ। ਤੁਸੀਂ ਕਾਨੂੰਨੀ ਸਹਾਇਤਾ ਬੋਰਡ (LAB) ਦੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਹੜੇ

(i) ਤੁਹਾਡੀ ਅਰਜ਼ੀ ਦੇ ਸਮੱਰਥਨ ਵਿੱਚ ਕਾਨੂੰਨੀ ਸਹਾਇਤਾ ਅਤੇ ਸੁਝਾਵ ਪ੍ਰਦਾਨ ਕਰਨਗੇ।

(ii) ਤੁਹਾਡੀ ਅੰਤਰਰਾਸ਼ਟਰੀ ਸੁਰੱਖਿਆ ਪ੍ਰਸ਼ਨਾਵਲੀ ਦੇ ਪੂਰਾ ਕਰਨ ਦੇ ਸੰਬੰਧ ਵਿੱਚ ਤੁਹਾਨੂੰ ਸੁਝਾਵ ਦਿੰਦੇ ਹਨ ਉਸ ਕਿਸੇ ਵੀ ਆਧਾਰ ਸਮੇਤ ਜੋ ਤੁਸੀਂ ਬੇਨਤੀ ਦੇ ਉਦੇਸ਼ ਲਈ ਸਥਾਪਿਤ ਕਰਨ ਦੀ ਇੱਛਾ ਰੱਖ ਸਕਦੇ ਹੋ ਕਿ ਮੰਤਰੀ ਨੂੰ ਸਟੇਟ (ਆਇਰਲੈਂਡ) ਵਿੱਚ ਰਹਿਣ ਦੀ ਇਜਾਜ਼ਤ ਦੇਣੀ ਚਾਹੀਦੀ ਹੈ।

(iii) ਅੰਤਰਰਾਸ਼ਟਰੀ ਸੁਰੱਖਿਆ ਇੰਟਰਵਿਊ ਅਤੇ ਮੰਤਰੀ ਲਈ ਕਿਸੇ ਲਿਖਤ ਪੇਸ਼ਕਾਰੀਆਂ ਲਈ ਤੁਹਾਡੀ ਤਿਆਰੀ ਵਿੱਚ ਸਹਾਇਤਾ ਕਰਨਾ।

(iv) ਤੁਹਾਡੀ ਅਰਜ਼ੀ ਤੇ ਇੱਕ ਨਾਕਾਰਾਤਮਕ ਸੁਝਾਵ ਦੀ ਸੂਰਤ ਵਿੱਚ, ਕਿਸੇ ਵੀ ਅਪੀਲ ਵਿੱਚ ਤੁਹਾਡੇ ਲਈ ਪੇਸ਼ਕਾਰੀ ਪ੍ਰਦਾਨ ਕਰਨਾ ਜਿਸ ਨੂੰ ਤੁਸੀਂ ਅੰਤਰਰਾਸ਼ਟਰੀ ਸੁਰੱਖਿਆ ਅਪੀਲਜ਼ ਟ੍ਰਿਬਿਊਨਲ (IPAT) ਕੋਲ ਲਿਜਾ ਸਕਦੇ ਹੋ।

3.14.2 LAB ਲਈ ਸੰਪਰਕ ਵੇਰਵਿਆਂ ਨੂੰ ਇਸ ਦਸਤਾਵੇਜ਼ ਲਈ **ਅੰਤਕਾ ਵਿੱਚ** ਸਥਾਪਿਤ ਕੀਤਾ ਗਿਆ ਹੈ।

3.14.3 ਜੇਕਰ ਤੁਸੀਂ LAB ਦੀਆਂ ਸੇਵਾਵਾਂ ਦੀ ਵਰਤੋਂ ਕਰਨ ਦੀ ਇੱਛਾ ਨਹੀਂ ਰੱਖਦੇ ਹੋ ਤਾਂ ਤੁਸੀਂ ਵਿਕਲਪਿਕ ਤੌਰ ਤੇ ਨਿੱਜੀ ਤੌਰ ਤੇ ਅਤੇ ਆਪਣੇ ਹੀ ਖਰਚੇ ਤੇ ਇੱਕ ਕਾਨੂੰਨੀ ਪ੍ਰਤੀਨਿਧੀ ਦੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ। ਜੇਕਰ ਤੁਸੀਂ ਨਿੱਜੀ ਤੌਰ ਤੇ ਇੱਕ ਕਾਨੂੰਨੀ ਸਲਾਹਕਾਰ ਨਾਲ ਸਲਾਹ ਮਸ਼ਵਰਾ ਕਰਨ ਦੀ ਚੋਣ ਕਰਦੇ ਹੋ ਤਾਂ ਤੁਹਾਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਸਟੇਟ (ਆਇਰਲੈਂਡ) ਵਿੱਚ ਇੱਕ ਪ੍ਰੈਕਟਿਸਿੰਗ ਸਾਲਿਸਟਰ ਜਾਂ ਇੱਕ ਪ੍ਰੈਕਟਿਸਿੰਗ ਬੈਰਿਸਟਰ ਵਜੋਂ ਰਜਿਸਟਰਡ ਹੋਵੇ।

## 3.15 ਕੀ ਮੈਂ ਅੰਤਰਰਾਸ਼ਟਰੀ ਸੁਰੱਖਿਆ ਲਈ ਆਪਣੀ ਅਰਜ਼ੀ ਨੂੰ ਵਾਪਸ ਲੈ ਸਕਦਾ ਹਾਂ?

3.15.1 ਆਮ ਤੌਰ ਤੇ ਇੱਕ ਅੰਤਰਰਾਸ਼ਟਰੀ ਸੁਰੱਖਿਆ ਅਧਿਕਾਰੀ ਦੁਆਰਾ ਤੁਹਾਡੀ ਅਰਜ਼ੀ ਤੇ ਰਿਪੋਰਟ ਤਿਆਰ ਕਰਨ ਤੋਂ ਪਹਿਲਾਂ ਤੁਸੀਂ ਕਿਸੇ ਵੀ ਸਮੇਂ ਤੇ ਅੰਤਰਰਾਸ਼ਟਰੀ ਸੁਰੱਖਿਆ ਲਈ ਆਪਣੀ ਅਰਜ਼ੀ ਨੂੰ ਵਾਪਸ ਲੈ ਸਕਦੇ ਹੋ। ਤੁਸੀਂ IPO ਕੋਲ ਅਰਜ਼ੀ ਵਾਪਸ ਲੈਣ ਦਾ ਇੱਕ ਨੋਟੀਫਿਕੇਸ਼ਨ ਭੇਜਣ ਦੁਆਰਾ ਅਜਿਹਾ ਕਰ ਸਕਦੇ ਹੋ। ਇਸ ਨੋਟੀਫਿਕੇਸ਼ਨ ਵਿੱਚ ਤੁਹਾਨੂੰ ਤੁਹਾਡਾ ਸਭ ਤੋਂ ਨਵੀਨਤਮ ਪਤਾ, ਆਪਣਾ ਹਵਾਲਾ ਨੰਬਰ ਅਤੇ ਆਪਣੇ ਦਸਤਖ਼ਤ ਸ਼ਾਮਲ ਕਰਨੇ ਚਾਹੀਦੇ ਹਨ। ਜੇਕਰ ਤੁਹਾਡੇ ਕੋਲ ਤੁਹਾਡੀ ਅਰਜ਼ੀ ਵਿੱਚ ਪਰਆਸ਼ਰਿਤ ਬੱਚੇ ਸ਼ਾਮਲ ਹੁੰਦੇ ਹਨ, ਤਾਂ ਤੁਹਾਨੂੰ ਵਾਪਸੀ ਦੇ ਆਪਣੇ ਨੋਟਿਸ ਤੇ ਉਨ੍ਹਾਂ ਦੇ ਵੇਰਵਿਆਂ ਨੂੰ ਸ਼ਾਮਲ ਕਰਨਾ ਚਾਹੀਦਾ ਹੈ।

3.15.2 ਤੁਹਾਡੀ ਅਰਜ਼ੀ ਦੀ ਵਾਪਸੀ ਦਾ ਪ੍ਰਭਾਵ ਇਹ ਹੋਵੇਗਾ ਕਿ IPAT ਕੋਲ ਇੱਕ ਅਪੀਲ ਉਪਲਬਧ ਨਹੀਂ ਹੋਵੇਗੀ ਅਤੇ ਮੰਤਰੀ ਤੁਹਾਨੂੰ ਸ਼ਰਨਾਰਥੀ ਸ਼ਰਨਾਰਥੀ ਦਾ ਦਰਜਾ ਜਾਂ ਸਹਾਇਕ ਸੁਰੱਖਿਆ ਦਰਜੇ ਦੀ ਪ੍ਰਵਾਨਗੀ ਦੇਣ ਤੋਂ ਮਨ੍ਹਾ ਕਰੇਗਾ। ਹਾਲਾਂਕਿ, ਕਿਰਪਾ ਕਰਕੇ ਨੋਟ ਕਰੋ ਕਿ ਮੰਤਰੀ ਇਸ ਤੇ ਵਿਚਾਰ ਨਹੀਂ ਕਰੇਗਾ ਕਿ ਕੀ ਤੁਹਾਨੂੰ ਕਿਸੇ ਹੋਰ ਅਧਾਰਾਂ ਤੇ ਬਣੇ ਰਹਿਣ ਲਈ ਇਜਾਜ਼ਤ ਦੇਣੀ ਚਾਹੀਦੀ ਹੈ ਜਾਂ ਨਹੀਂ। ਜਦੋਂ ਤੱਕ ਤੁਹਾਡੇ ਕੋਲ ਕੋਈ ਹੋਰ ਅਧਾਰ ਨਾ ਹੋਵੇ ਜਿਸ ਤੇ ਤੁਸੀਂ ਸਟੇਟ (ਆਇਰਲੈਂਡ) ਵਿੱਚ ਰਹਿ ਸਕਦੇ ਹੋਵੋ, ਤੁਹਾਡੇ ਲਈ ਦੇਸ਼ ਨਿਕਾਲੇ ਦਾ ਆਰਡਰ ਤਿਆਰ ਕਰਨ ਲਈ ਇੱਕ ਪ੍ਰਸਤਾਵ ਦੇ ਜ਼ੋਖਿਮ ਦੀ ਸੰਭਾਵਨਾ ਹੁੰਦਾ ਹੈ।

3.15.3 ਅੰਤਰਰਾਸ਼ਟਰੀ ਸੁਰੱਖਿਆ ਲਈ ਆਪਣੀ ਅਰਜ਼ੀ ਵਾਪਸ ਲੈਣ ਤੋਂ ਪਹਿਲਾਂ ਤੁਹਾਨੂੰ ਇਹ ਸੁਨਿਸ਼ਚਿਤ ਕਰਨ ਲਈ ਕਾਨੂੰਨੀ ਸੁਝਾਵ ਲੈਣਾ ਚਾਹੀਦਾ ਹੈ ਕਿ ਤੁਸੀਂ ਅਪਣੇ ਫੈਸਲੇ ਦੇ ਨਤੀਜਿਆਂ ਨੂੰ ਚੰਗੀ ਤਰ੍ਹਾਂ ਨਾਲ ਸਮਝਦੇ ਹੋਵੋ।

# ਸੈਕਸ਼ਨ 4
# ਇੰਟਰਵਿਊ ਅਤੇ ਪ੍ਰੀਖਿਆ

**4. 1 ਮੈਂ ਆਪਣੀ ਅੰਤਰਰਾਸ਼ਟਰੀ ਸੁਰੱਖਿਆ ਇੰਟਰਵਿਊ ਤੇ ਕੀ ਆਸ ਰੱਖ ਸਕਦਾ ਹਾਂ?**

4.1.1 **ਤੁਹਾਨੂੰ IPO ਦੁਆਰਾ ਲਿਖਤੀ** ਰੂਪ ਵਿੱਚ ਅਪਣੀ ਅੰਤਰਰਾਸ਼ਟਰੀ ਸੁਰੱਖਿਆ ਇੰਟਰਵਿਊ ਦੀ ਮਿਤੀ, ਸਮੇਂ ਅਤੇ ਸਥਾਨ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾਏਗੀ। ਤੁਹਾਡੀ ਇੰਟਰਵਿਊ ਨਿੱਜੀ ਰੂਪ ਵਿੱਚ ਸੰਚਾਲਿਤ ਕੀਤੀ ਜਾਏਗੀ। ਜੇਕਰ ਤੁਸੀਂ ਇੱਕ ਪੁਰਸ਼ ਜਾਂ ਔਰਤ ਇੰਟਰਵਿਊ ਅਧਿਕਾਰੀ ਅਤੇ/ਜਾਂ ਦੁਭਾਸ਼ੀਏ ਲਈ ਬੇਨਤੀ ਕੀਤੀ ਹੈ, ਤਾਂ IPO ਇਸ ਦਾ ਪ੍ਰਬੰਧ ਕਰੇਗਾ ਜਿੱਥੇ ਜ਼ਰੂਰੀ ਅਤੇ ਸੰਭਵ ਹੁੰਦਾ ਹੈ।

4.1.2 ਤੁਹਾਡੀ ਇੰਟਰਵਿਊ IPO ਨਾਲ ਆਹਮੋ ਸਾਹਮਣੇ ਗੱਲਬਾਤ ਕਰਨ ਲਈ ਇੱਕ ਮੌਕਾ ਹੁੰਦਾ ਹੈ ਅਤੇ ਉਹ ਸਾਰਾ ਕੁੱਝ ਦੱਸਣ ਲਈ ਕਿ ਤੁਸੀਂ ਆਪਣੇ ਮੂਲ ਦੇਸ਼/ ਪੁਰਾਣੀ ਆਦਤਨ ਰਿਹਾਇਸ਼ ਦੇ ਦੇਸ਼ ਨੂੰ ਕਿਉਂ ਛੱਡਿਆ ਹੈ ਅਤੇ ਤੁਹਾਨੂੰ ਉੱਥੇ ਵਾਪਸ ਪਰਤਣ ਤੋਂ ਡਰ ਕਿਉਂ ਲੱਗ ਰਿਹਾ ਹੈ। ਇਹ ਵਧੇਰੇ ਮਹੱਤਵਪੂਰਣ ਹੁੰਦਾ ਹੈ ਕਿ ਤੁਸੀਂ ਇੰਟਰਵਿਊ ਵਿੱਚ ਸ਼ਾਮਲ ਹੋਵੋ, ਜਿਸ ਨੂੰ ਅਸੀਂ ਵਧੇਰੇ ਸੰਵੇਦਨਸ਼ੀਲ ਅਤੇ ਤਸੱਲੀ ਵਾਲਾ ਬਣਾਓਗੇ ਜਿੰਨਾ ਸੰਭਵ ਹੁੰਦਾ ਹੈ। ਇਹ ਬਹੁਤ ਮਹੱਤਵਪੂਰਣ ਹੈ ਕਿ ਤੁਸੀਂ ਉਸ ਸਭ ਕੁਝ ਦੱਸੋ ਜੋ ਅਸਲ ਵਿੱਚ ਤੁਹਾਡੇ ਨਾਲ ਵਾਪਰਿਆ ਹੈ ਅਤੇ ਤੁਸੀਂ ਕਿਸ ਤੋਂ ਅਤੇ ਕਿਉਂ ਡਰਦੇ ਹੋ, ਜੇਕਰ ਤੁਸੀਂ ਵਾਪਸ ਅਪਣੇ ਮੂਲ ਦੇਸ਼/ ਪੁਰਾਣੀ ਆਦਤਨ ਰਿਹਾਇਸ਼ ਦੇ ਦੇਸ਼ ਪਰਤਦੇ ਹੋ।

4.1.3 ਅਸੀਂ ਤੁਹਾਡੇ ਨਾਲ ਇੱਕ ਉਸ ਭਾਸ਼ਾ ਵਿੱਚ ਇੰਟਰਵਿਊ ਕਰਾਂਗੇ ਜਿਸ ਨੂੰ ਤੁਸੀਂ ਉਚਿੱਤ ਰੂਪ ਵਿੱਚ ਸਮਝ ਸਕਦੇ ਹੋਵੋ ਅਤੇ ਜਿਸ ਵਿੱਚ ਤੁਸੀਂ ਗੱਲਬਾਤ ਕਰਨ ਦੇ ਯੋਗ ਹੋਵੋ। ਅੰਤਰਰਾਸ਼ਟਰੀ ਸੁਰੱਖਿਆ ਅਧਿਕਾਰੀ ਦੁਆਰਾ ਇੰਟਰਵਿਊ ਦਾ ਇੱਕ ਲਿਖਤ ਰਿਕਾਰਡ ਤਿਆਰ ਕੀਤਾ ਜਾਏਗਾ ਅਤੇ ਤੁਹਾਨੂੰ ਨਿਯਮਿਤ ਅੰਤਰਾਲਾਂ ਤੇ ਇਸ ਨੂੰ ਪੜ੍ਹ ਕੇ ਸੁਣਾਇਆ ਜਾਏਗਾ ਤਾਂ ਕਿ ਤੁਸੀਂ ਕੋਈ ਵੀ ਸ਼ੁੱਧੀ ਕਰ ਸਕੋ ਜਾਂ ਵਧੇਰੇ ਜਾਣਕਾਰੀ ਸ਼ਾਮਿਲ ਕਰ ਸਕੋ। ਇਹ ਪੁਸ਼ਟੀ ਕਰਨ ਲਈ ਕਿ ਕੀ ਦਿੱਤੀ ਹੋਈ ਸਾਰੀ ਜਾਣਕਾਰੀ ਸਹੀ ਹੈ ਤੁਹਾਨੂੰ ਇੰਟਰਵਿਊ ਰਿਕਾਰਡ ਦੇ ਹਰੇਕ ਪੰਨੇ ਤੇ ਹਸਤਾਖ਼ਰ ਕਰਨ ਲਈ ਕਿਹਾ ਜਾਏਗਾ।

4.1.4 ਇਹ ਬਹੁਤ ਮਹੱਤਵਪੂਰਣ ਹੈ ਕਿ ਤੁਸੀਂ ਉਹ ਕੋਈ ਵੀ ਸਬੂਤ ਜਾਂ ਜਾਣਕਾਰੀ ਪ੍ਰਦਾਨ ਕਰੋ ਜੋ ਤੁਹਾਡੀ ਇੰਟਰਵਿਊ ਦੇ ਸਮੇਂ ਤੇ (ਜਾਂ ਉਸ ਤੋਂ ਪਹਿਲਾਂ ਜੇਕਰ ਸੰਭਵ ਹੋਵੇ) ਤੁਹਾਨੂੰ ਆਪਣੇ ਖਾਤੇ ਦਾ ਸਮੱਰਥਨ ਕਰਨ ਲਈ ਲੋੜੀਂਦੀ ਹੋਵੇ। ਜੇਕਰ ਤੁਹਾਡੇ ਕੋਲ ਕੋਈ ਹੋਰ ਸਬੂਤ ਹੋਵੇ ਜਿਸ ਨੂੰ ਤੁਸੀਂ ਇੰਟਰਵਿਊ ਤੋਂ ਬਾਅਦ ਦਾਖਲ ਕਰਨ ਦੀ ਇੱਛਾ ਰੱਖਦੇ ਹੋਵੋ, ਤਾਂ ਤੁਹਾਨੂੰ IPO ਦੁਆਰਾ ਦੱਸੇ ਗਈ ਸਮਾਂ ਅਵਧੀ ਦੇ ਅੰਦਰ ਅਜਿਹਾ ਕਰਨਾ ਚਾਹੀਦਾ ਹੈ।

4.1.5 ਅਸੀਂ ਉਸ ਕਿਸੇ ਵੀ ਲਿੰਗ-ਵਿਸ਼ੇਸ਼ ਜਾਣਕਾਰੀ ਅਤੇ ਕਿਸੇ ਵੀ ਕਮਜੋਰੀ ਦਾ ਹਿਸਾਬ ਰੱਖਾਂਗੇ ਜੋ ਤੁਸੀਂ ਅਪਣੀ ਅਰਜ਼ੀ ਵਿੱਚ ਜਾਂ ਜਾਂਚ ਪ੍ਰਕਿਰਿਆ ਦੌਰਾਨ ਦਰਸਾਉਂਦੇ ਹੋ।

4.1.6 **ਤੁਹਾਨੂੰ ਆਪਣੀ ਸੁਰੱਖਿਆ ਇੰਟਰਵਿਊ ਤੇ ਬਣੇ ਰਹਿਣ ਲਈ ਸਵੀਕ੍ਰਿਤੀ ਨਾਲ ਮਾਮਲਿਆਂ ਦੇ ਸੰਬੰਧ ਵਿੱਚ ਸਿੱਧਿਆਂ ਕੋਈ ਵੀ ਪ੍ਰਸ਼ਨ ਨਹੀਂ ਪੁੱਛੇ ਜਾਣਗੇ। ਇੰਟਰਵਿਊ ਤੁਹਾਡੀ ਸੁਰੱਖਿਆ ਅਰਜ਼ੀ ਤੇ ਕੇਂਦਰਿਤ ਹੋਵੇਗੀ।** ਹਾਲਾਂਕਿ, ਜੇਕਰ ਅਜਿਹੇ ਮਾਮਲੇ ਪੈਦਾ ਹੁੰਦੇ ਹਨ (ਉਦਾਹਰਣ ਵਜੋਂ, ਤੁਹਾਡੇ ਪਰਿਵਾਰਕ ਹਾਲਾਤ), ਤਾਂ ਉਨ੍ਹਾਂ ਨੂੰ ਅੰਤਰਰਾਸ਼ਟਰੀ ਸੁਰੱਖਿਆ ਅਧਿਕਾਰੀ ਦੁਆਰਾ ਲਿਖਤੀ ਰੂਪ ਵਿੱਚ ਰਿਕਾਰਡ ਕੀਤਾ ਜਾਏਗਾ। ਜੇਕਰ IPO ਸੁਝਾਵ ਦਿੰਦਾ ਹੈ ਕਿ ਤੁਹਾਨੂੰ ਅੰਤਰਰਾਸ਼ਟਰੀ ਸੁਰੱਖਿਆ ਪ੍ਰਦਾਨ ਨਹੀਂ ਕਰਨੀ ਚਾਹੀਦੀ, ਇਸ ਗੱਲ ਤੇ ਵਿਚਾਰ ਕੀਤਾ ਜਾਏਗਾ ਕਿ ਕੀ ਤੁਹਾਨੂੰ ਦੂਜੇ ਆਧਾਰਾਂ ਤੇ ਬਣੇ ਰਹਿਣ ਲਈ ਸਵੀਕ੍ਰਿਤੀ ਦੇਣੀ ਚਾਹੀਦੀ ਹੈ,ਅਤੇ ਉਸ ਸਮੇਂ ਤੇ ਸੁਰੱਖਿਆ ਅਰਜ਼ੀ ਤੇ ਪ੍ਰਕਿਰਿਆ ਦੌਰਾਨ ਪ੍ਰਦਾਨ ਕੀਤੀ ਗਈ ਕਿਸੇ ਵੀ ਸੰਬੰਧਿਤ ਜਾਣਕਾਰੀ ਨੂੰ ਕੰਮ ਵਿੱਚ ਲਿਆਇਆ ਜਾਏਗਾ।

### 4.2 ਕੀ ਮੈਂ ਸਮੱਰਥਨ ਲਈ ਆਪਣੀ ਅੰਤਰਰਾਸ਼ਟਰੀ ਸੁਰੱਖਿਆ ਇੰਟਰਵਿਊ ਲਈ ਕਿਸੇ ਵਿਅਕਤੀ ਨੂੰ ਨਾਲ ਲਿਆ ਸਕਦਾ ਹਾਂ?

4.2.1 ਤੁਹਾਡੀ ਇੰਟਰਵਿਊ ਨਿੱਜੀ ਰੂਪ ਵਿੱਚ ਸੰਚਾਲਿਤ ਕੀਤੀ ਜਾਏਗੀ। ਤੁਹਾਡਾ ਕਾਨੂੰਨੀ ਪ੍ਰਤੀਨਿਧੀ ਇੰਟਰਵਿਊ ਵਿੱਚ ਸ਼ਾਮਲ ਹੋ ਸਕਦਾ ਹੈ। ਜੇਕਰ ਤੁਸੀਂ ਕਾਨੂੰਨੀ ਸਹਾਇਤਾ ਬੋਰਡ ਤੋਂ ਕਾਨੂੰਨੀ ਸੁਝਾਵ ਪ੍ਰਾਪਤ ਕਰ ਰਹੇ ਹੋ, ਤਾਂ ਤੁਹਾਨੂੰ ਕਾਨੂੰਨੀ ਪ੍ਰਤੀਨਿਧੀ ਤੋਂ ਜਾਂਚ ਕਰਨੀ ਚਾਹੀਦੀ ਹੈ ਕਿ ਕੀ ਉਹ ਸ਼ਾਮਲ ਹੋਣ ਦੇ ਯੋਗ ਹਨ ਜਾਂ ਨਹੀਂ। ਆਮ ਤੌਰ ਤੇ, ਕੋਈ ਹੋਰ ਵਿਅਕਤੀ ਸ਼ਾਮਲ ਹੋਣ ਦੇ ਯੋਗ ਨਹੀਂ ਹੋਵੇਗਾ, ਜਦੋਂ ਤੱਕ ਤੁਸੀਂ 18 ਸਾਲ ਤੋਂ ਘੱਟ ਦੇ ਹੁੰਦੇ ਹੋ ਜਦੋਂ ਤੁਹਾਡੇ ਸਰਪ੍ਰਸਤ ਨੂੰ ਜਾਂ TUSLA – ਬਾਲ ਅਤੇ ਪਰਿਵਾਰਕ ਏਜੰਸੀ ਤੋਂ ਇੱਕ ਪ੍ਰਤੀਨਿਧੀ ਨੂੰ ਸ਼ਾਮਲ ਹੋਣਾ ਚਾਹੀਦਾ ਹੈ।

4.2.2 ਉਹ ਵਿਅਕਤੀ ਜੋ ਤੁਹਾਡੇ ਨਾਲ ਹੁੰਦਾ ਹੈ ਉਹ ਤੁਹਾਡੇ ਲਈ ਕਿਸੇ ਵੀ ਪ੍ਰਸ਼ਨ ਦਾ ਉੱਤਰ ਦੇਣ ਦੇ ਯੋਗ ਨਹੀਂ ਹੋਵੇਗਾ।

4.2.3 ਜੇਕਰ ਤੁਸੀਂ ਕਿਸੇ ਕਾਨੂੰਨੀ ਪ੍ਰਤੀਨਿਧੀ ਨੂੰ ਆਪਣੇ ਨਾਲ ਲਿਆਉਣ ਦੀ ਇੱਛਾ ਰੱਖਦੇ ਹੋ, ਉਸ ਨੂੰ ਇੰਟਰਵਿਊ ਤੇ ਦੇਖਣ ਦੀ ਇਜਾਜ਼ਤ ਦਿੱਤੀ ਜਾਏਗੀ। ਤੁਹਾਡੇ ਕਾਨੂੰਨੀ ਪ੍ਰਤੀਨਿਧੀ ਨੂੰ ਉਹ ਕੋਈ ਵੀ ਪੁਆਇੰਟ ਰੱਖਣ ਲਈ ਇੰਟਰਵਿਊ ਦੇ ਸ਼ੁਰੂ ਵਿੱਚ ਅਤੇ ਇੰਟਰਵਿਊ ਦੇ ਸਮਾਪਤ ਹੋਣ ਤੇ ਇੱਕ ਮੌਕਾ ਦਿੱਤਾ ਜਾਏਗਾ ਜਿਸ ਨੂੰ ਉਹ ਜਰੂਰੀ ਸਮਝਦਾ ਹੋਵੇ। ਉਹ ਤੁਹਾਡੇ ਲਈ ਕਿਸੇ ਵੀ ਪ੍ਰਸ਼ਨ ਦਾ ਉੱਤਰ ਦੇਣ ਲਈ ਯੋਗ ਨਹੀਂ ਹੋਵੇਗਾ।

### 4.3 ਕੀ ਹੁੰਦਾ ਹੈ ਜੇਕਰ ਮੈਂ ਆਪਣੀ ਇੰਟਰਵਿਊ ਵਿੱਚ ਸ਼ਾਮਲ ਨਾ ਹੋ ਸਕਾਂ ਜਾਂ ਆਪਣੀ ਇੰਟਰਵਿਊ ਵਿੱਚ ਸ਼ਾਮਲ ਹੋਣ ਵਿੱਚ ਅਸਫ਼ਲ ਹੋ ਜਾਵਾਂ?

4.3.1 ਕਿਉਂਕਿ ਜਾਂਚ ਪ੍ਰਕਿਰਿਆ ਵਿੱਚ ਸੁਚਾਰੂ ਰੂਪ ਵਿੱਚ ਸਹਿਯੋਗ ਕਰਨਾ ਤੁਹਾਡਾ ਫਰਜ਼ ਹੁੰਦਾ ਹੈ, ਮੁਲਾਕਾਤਾਂ ਨੂੰ ਕੇਵਲ ਸਿਹਤ ਖਰਾਬ ਜਾਂ ਦੂਜੇ **ਵਿਸ਼ੇਸ਼** ਕਾਰਣਾਂ ਕਰਨ ਲਈ ਅੱਗੇ ਪਾਇਆ ਜਾ ਸਕਦਾ ਹੈ। ਤੁਹਾਨੂੰ **ਜਿੰਨੀ ਜਲਦੀ ਹੋਵੇ** IPO ਨੂੰ ਸੂਚਿਤ ਕਰਨਾ ਚਾਹੀਦਾ ਹੈ ਜੇਕਰ ਤੁਸੀਂ ਸੋਚਦੇ ਹੋਵੋ ਕਿ ਤੁਹਾਨੂੰ ਆਪਣੀ ਇੰਟਰਵਿਊ ਤੇ ਆਉਣ ਸਮੇਂ ਇੱਕ ਮੁਸ਼ਕਲ ਹੋ ਸਕਦੀ ਹੈ। ਤੁਹਾਡੇ ਕੋਲੋਂ ਇੰਟਰਵਿਊ ਤੋਂ ਪਹਿਲਾਂ IPO ਕੋਲ ਆਪਣੇ ਡਾਕਟਰ (ਜੀਪੀ ਜਾਂ ਸਲਾਹਕਾਰ) ਤੋਂ ਕਿਸੇ ਵੀ ਬਿਮਾਰੀ ਦਾ ਮੈਡੀਕਲ ਸਬੂਤ ਪ੍ਰਦਾਨ ਕਰਨ ਦੀ ਆਸ ਕੀਤੀ ਜਾਂਦੀ ਹੈ।

4.3.2 ਜੇਕਰ ਤੁਸੀਂ ਨਿਰਧਾਰਿਤ ਮਿਤੀ ਅਤੇ ਸਮੇਂ ਤੇ ਇੱਕ ਨਿੱਜੀ ਮੁਲਾਕਾਤ ਲਈ ਨਹੀਂ ਆਉਂਦੇ ਹੋ ਅਤੇ ਉਸ ਮਿਤੀ ਤੋਂ 3 ਕੰਮਕਾਜੀ ਦਿਨਾਂ ਅੰਦਰ, IPO ਕੋਲ ਇੱਕ ਉਚਿੱਤ ਵਿਆਖਿਆ ਨਹੀਂ ਕਰਦੇ ਹੋ, IPO ਸੁਰੱਖਿਆ ਪ੍ਰਕਿਰਿਆ ਵਿੱਚ ਉਸ ਸਮੇਂ ਤੇ ਦਾਖਲ ਕੀਤੀ ਗਈ ਜਾਣਕਾਰੀ ਦੇ ਆਧਾਰ ਤੇ ਤੁਹਾਡੀ ਅਰਜ਼ੀ ਦੀ ਜਾਂਚ ਕਰੇਗਾ। ਦੂਜੇ ਸ਼ਬਦਾਂ ਵਿੱਚ, ਤੁਸੀਂ ਇੱਕ ਇੰਟਰਵਿਊ ਤੇ ਮਾਮਲਿਆਂ ਦੀ ਵਿਆਖਿਆ ਕਰਨ ਦੇ ਮੌਕੇ ਨੂੰ ਗੁਆਓਗੇ ਅਤੇ ਅਰਜ਼ੀ ਦੀ ਜਾਂਚ ਪ੍ਰਸ਼ਨਾਵਲੀ ਅਤੇ ਕਿਸੇ ਵੀ ਦਸਤਾਵੇਜਾਂ ਦੇ ਆਧਾਰ ਤੇ ਕੀਤੀ ਜਾਏਗੀ ਜੋ ਤੁਸੀਂ ਮੁਲਾਕਾਤ ਲਈ ਦਿੱਤੇ ਗਏ ਸਮੇਂ ਤੋਂ ਪਹਿਲਾਂ ਦਾਖਲ ਕੀਤੀ ਹੋਵੇ।

### 4.4 ਕੀ ਅਰਜ਼ੀ ਪ੍ਰਕਿਰਿਆ ਨਾਲ ਸਹਿਯੋਗ ਕਰਨਾ ਮੇਰਾ ਫਰਜ਼ ਹੈ ਅਤੇ ਅਜਿਹਾ ਨਾ ਕਰਨ ਦੇ ਕੀ ਨਤੀਜੇ ਹੁੰਦੇ ਹਨ?

4.4.1 ਅੰਤਰਰਾਸ਼ਟਰੀ ਸੁਰੱਖਿਆ ਲਈ ਅਪਣੀ ਅਰਜ਼ੀ ਦੀ ਜਾਂਚ ਨਾਲ ਸਕਿਰਿਆ ਹੋ ਕੇ ਸਹਿਯੋਗ ਕਰਨਾ ਤੁਹਾਡਾ ਫਰਜ਼ ਹੈ।

4.4.2 ਸਹਿਯੋਗ ਕਰਨ ਲਈ ਤੁਹਾਡੀ ਪ੍ਰਮੁੱਖ ਡਿਉਟੀ ਹੈ ਅਤੇ ਲੋੜ ਦੇ

(i) ਸਹੀ ਹੋਣ ਨੂੰ ਸ਼ਾਮਲ ਕਰਦਾ ਹੈ ਅਤੇ ਦਾਖਲ ਕਰਨ ਲਈ ਜਿੰਨੀ ਜਲਦੀ ਸੰਭਵ ਹੋਵੇ ਉਹ ਸਾਰੀ ਜਾਣਕਾਰੀ ਜਿਸ ਦੀ ਤੁਹਾਡੀ ਅਰਜ਼ੀ ਦੀ ਪੁਸ਼ਟੀ ਕਰਨ ਦੀ ਲੋੜ ਹੁੰਦੀ ਹੈ (ਇਹ ਤੁਹਾਡੀ ਅਰਜ਼ੀ ਦੇ ਮਹੱਤਵਪੂਰਣ ਐਲੀਮੈਂਟਾਂ ਦੇ ਸੰਬੰਧ ਵਿੱਚ ਤੁਹਾਡੀ ਪੇਸ਼ਕਸ਼ ਤੇ ਕਥਨਾਂ ਅਤੇ ਦਸਤਾਵੇਜਾਂ ਨੂੰ ਸ਼ਾਮਲ ਕਰਦਾ ਹੈ), ਅਤੇ

(ii) ਤੁਹਾਡੀ ਅਰਜ਼ੀ ਦੀ ਜਾਂਚ ਅਤੇ ਕਿਸੇ ਵੀ ਅਪੀਲ ਦੇ ਸੁਦ੍ਰਿੜੀਕਰਣ ਵਿੱਚ ਸਹਿਯੋਗ ਕਰਨ ਲਈ।

4.4.3 ਤੁਹਾਨੂੰ ਅੰਤਰਰਾਸ਼ਟਰੀ ਸੁਰੱਖਿਆ ਐਕਟ 2015 ਵਿੱਚ ਦੂਜੇ ਸਾਰੇ ਫਰਜਾਂ ਦੀ ਵੀ ਪਾਲਣਾ ਕਰਨ ਦੀ ਲੋੜ ਹੁੰਦੀ ਹੈ। ਇਸ ਸੰਬੰਧ ਵਿੱਚ, ਕਿਰਪਾ **ਸੈਕਸ਼ਨ 8** ਦੇਖੋ।

4.4.4 ਜੇਕਰ ਮੰਤਰੀ ਦੀ ਇਹ ਰਾਏ ਹੋਵੇ

(i) ਕਿ ਤੁਸੀਂ ਆਪਣੀ ਅਰਜ਼ੀ ਦੀ ਜਾਂਚ ਵਿੱਚ ਸਹਿਯੋਗ ਕਰਨ ਵਿੱਚ ਆਪਣੇ ਫਰਜ਼ ਵਿੱਚ ਅਸਫ਼ਲ ਰਹੇ ਹੋ, ਜਾਂ

(ii) ਕਿ ਤੁਸੀਂ ਸਟੇਟ (ਆਇਰਲੈਂਡ) ਨੂੰ ਨਾ ਛੱਡਣ ਲਈ ਆਪਣੇ ਫਰਜ਼ ਦੀ ਉਲੰਘਣਾ ਕੀਤੀ ਹੈ ਜਾਂ ਮੰਤਰੀ ਦੀ ਸਵੀਕ੍ਰਿਤੀ ਤੋਂ ਬਿਨਾਂ ਛੱਡਣ ਦੀ ਕੋਸ਼ਿਸ਼ ਕੀਤੀ ਹੈ, ਜਾਂ

(iii) ਕਿ ਜਿੰਨੀ ਜਲਦੀ ਸੰਭਵ ਹੋਵੇ ਤੁਸੀਂ ਆਪਣੇ ਪਤੇ ਅਤੇ ਪਤੇ ਦੇ ਕਿਸੇ ਵੀ ਬਦਲਾਵ ਬਾਰੇ ਮੰਤਰੀ ਨੂੰ ਸੂਚਿਤ ਕਰਨ ਲਈ ਆਪਣੇ ਫਰਜ਼ ਦੀ ਉਲੰਘਣਾ ਕੀਤੀ ਹੈ, ਜਾਂ

(iv) ਇਹ ਕਿ ਤੁਸੀਂ ਇੱਕ ਨੋਟਿਸ ਦੀ ਪਾਲਣਾ ਕਰਨ ਲਈ ਆਪਣੇ ਫਰਜ਼ ਦੀ ਉਲੰਘਣਾ ਕੀਤੀ ਜਿਸ ਦੇ ਤੁਹਾਨੂੰ ਇਹ ਕਰਨ ਦੀ ਲੋੜ ਹੁੰਦੀ ਹੈ:

- ਸਟੇਟ (ਆਇਰਲੈਂਡ) ਵਿੱਚ ਕਿਸੇ ਖਾਸ ਜਿਲ੍ਹੇ ਜਾਂ ਸਥਾਨ ਵਿੱਚ ਰਹਿਣਾ ਜਾਂ ਬਣੇ ਰਹਿਣਾ

  ਅਤੇ

- ਇੱਕ ਇਮੀਗ੍ਰੇਸ਼ਨ ਅਧਿਕਾਰੀ ਨੂੰ, ਜਾਂ ਇੱਕ ਵਿਸ਼ੇਸ਼ ਗਾਰਡਾ ਸਿਓਚਾਨਾ ਸਟੇਸ਼ਨ ਤੇ ਨਿਰਧਾਰਿਤ ਅੰਤਰਾਲਾਂ ਤੇ ਰਿਪੋਰਟ ਕਰਨਾ,

ਮੰਤਰੀ ਇਸ ਰਾਏ ਬਾਰੇ ਤੁਹਾਨੂੰ ਲਿਖਤੀ ਰੂਪ ਵਿੱਚ ਸੂਚਿਤ ਕਰੇਗਾ ਅਤੇ ਤੁਹਾਨੂੰ 10 ਕੰਮਕਾਜੀ ਦਿਨਾਂ ਅੰਦਰ ਬੁਲਾਏਗਾ, ਉੱਤਰ ਵਿੱਚ ਆਪਣੇ ਟਿੱਪਣੀਆਂ ਨੂੰ ਪੇਸ਼ ਕਰਨ ਲਈ। ਤੁਹਾਨੂੰ ਇਹ ਪੁਸ਼ਟੀ ਕਰਨ ਲਈ ਕਿਹਾ ਜਾਏਗਾ ਕਿ ਤੁਸੀਂ ਆਪਣੀ ਅਰਜ਼ੀ ਨਾਲ ਜਾਰੀ ਰੱਖਣਾ ਚਾਹੁੰਦੇ ਹੋ ਅਤੇ ਤੁਹਾਨੂੰ ਸਹਿਯੋਗ ਦੇ ਆਪਣੇ ਫਰਜ਼ ਬਾਰੇ ਯਾਦ ਕਰਾਇਆ ਜਾਏਗਾ।

4.4.5 ਜੇਕਰ -

(a) ਤੁਸੀਂ ਉੱਤਰ ਨਹੀਂ ਦਿੰਦੇ ਹੋ,

ਜਾਂ, ਆਪਣੇ ਉੱਤਰ ਦੇ ਵਿਚਾਰ ਨੂੰ ਅਪਣਾਉਂਦੇ ਹੋ,

(b) ਮੰਤਰੀ ਫੈਸਲਾ ਕਰਦਾ ਹੈ ਕਿ ਤੁਸੀਂ ਸੁਰੱਖਿਆ ਪ੍ਰਕਿਰਿਆ ਨਾਲ ਸਹਿਯੋਗ ਨਹੀਂ ਕਰ ਰਹੇ ਹੋ,

ਤੁਹਾਡੀ ਅਰਜ਼ੀ ਦੀ ਜਾਣਕਾਰੀ ਦੇ ਇਸ ਆਧਾਰ ਤੇ ਜਾਂਚ ਕੀਤੀ ਜਾਏਗੀ ਜੋ ਤੁਸੀਂ ਉਸ ਸਮੇਂ ਤੋਂ ਪਹਿਲਾਂ ਦਾਖਲ ਕੀਤੀ ਹੋਵੇ।

## 4.5 ਵਿਅਕਤੀਗਤ ਇੰਟਰਵਿਊ ਸਮੇਤ ਮੁੱਖ, ਜਾਂਚ ਪ੍ਰਕਿਰਿਆ ਕੀ ਹੁੰਦੀ ਹੈ?

4.5.1 IPO ਅੰਤਰਰਾਸ਼ਟਰੀ ਸੁਰੱਖਿਆ ਲਈ ਇਹ ਸਥਾਪਿਤ ਕਰਨ ਲਈ ਤੁਹਾਡੀ ਅਰਜ਼ੀ ਦੀ ਜਾਂਚ ਕਰੇਗਾ:

- ਪਹਿਲਾਂ, ਕੀ ਤੁਸੀਂ ਸ਼ਰਨਾਰਥੀ ਦਰਜੇ ਦੇ ਹੱਕਦਾਰ ਹੋ ਜਾਂ ਨਹੀਂ, ਅਤੇ, ਜੇਕਰ ਨਹੀਂ,
- ਕੀ ਤੁਸੀਂ ਸਹਾਇਕ ਸੁਰੱਖਿਆ ਲਈ ਹੱਕਦਾਰ ਹੋ ਜਾਂ ਨਹੀਂ।

4.5.2 ਇਸ ਪ੍ਰਕਿਰਿਆ ਨੂੰ ਆਮ ਤੌਰ ਤੇ ਲੋੜ ਹੋਵੇਗੀ

- ਇੱਕ ਨਿੱਜੀ ਇੰਟਰਵਿਊ,
- ਇੰਟਰਵਿਊ ਤੇ ਲਿਖਤੀ ਰੂਪ ਵਿੱਚ ਤੁਹਾਡੇ ਦੁਆਰਾ ਦਾਖਲ ਕੀਤੀ ਗਈ ਸਾਰੀ ਜਾਣਕਾਰੀ ਸਮੇਤ ਤੁਹਾਡੀ ਅਰਜ਼ੀ ਦੀ ਇੱਕ ਜਾਂਚ ਅਤੇ
- ਜਾਂਚ ਦੇ ਨਤੀਜਿਆਂ ਤੇ ਇੱਕ ਰਿਪੋਰਟ ਦੀ ਤਿਆਰੀ। ਇਹ ਰਿਪੋਰਟ ਉਨ੍ਹਾਂ ਲੱਭਤਾਂ ਅਤੇ ਇੱਕ ਸੁਝਾਵ ਨੂੰ ਸ਼ਾਮਲ ਕਰੇਗੀ ਕਿ ਕੀ ਤੁਸੀਂ ਅੰਤਰਰਾਸ਼ਟਰੀ ਸੁਰੱਖਿਆ ਦੇ ਕਿਸੇ ਵੀ ਰੂਪ ਲਈ ਯੋਗ ਹੋ ਜਾਂ ਨਹੀਂ।

### ਵਿਅਕਤੀਗਤ ਇੰਟਰਵਿਊ

4.5.3 ਵਿਅਕਤੀਗਤ ਇੰਟਰਵਿਊ ਦਾ ਉਦੇਸ਼ ਅੰਤਰਰਾਸ਼ਟਰੀ ਸੁਰੱਖਿਆ ਲਈ ਆਪਣੇ ਕਲੇਮ ਦੇ ਸਾਰੇ ਵੇਰਵੇ ਸਥਾਪਿਤ ਕਰਨਾ ਹੈ। ਜੀਵਨਸਾਥੀਆਂ/ ਪਾਰਟਨਰਾਂ ਦੀ ਆਮ ਤੌਰ ਤੇ ਵੱਖਰੇ ਤੌਰ ਤੇ ਇੰਟਰਵਿਊ ਕੀਤੀ ਜਾਂਦੀ ਹੈ।

4.5.4 ਇੰਟਰਵਿਊ ਤੇ, ਤੁਹਾਨੂੰ ਸਪੱਸ਼ਟ ਅਤੇ

(i) ਸੰਖੇਪ ਰੂਪ ਵਿੱਚ ਵਿਆਖਿਆ ਕਰਨੀ ਚਾਹੀਦੀ ਹੈ ਕਿ ਤੁਸੀਂ ਅੰਤਰਰਾਸ਼ਟਰੀ ਸੁਰੱਖਿਆ ਕਿਉਂ ਲੱਭ ਰਹੇ ਹੋ,

(ii) ਸਪੱਸ਼ਟ ਅਤੇ ਸੰਖੇਪ ਰੂਪ ਵਿੱਚ ਵਿਆਖਿਆ ਕਰਨੀ ਚਾਹੀਦੀ ਹੈ ਕਿ ਤੁਸੀਂ ਪਰਆਸ਼ਰਿਤਾਂ ਲਈ ਅੰਤਰਰਾਸ਼ਟਰੀ ਸੁਰੱਖਿਆ ਕਿਉਂ ਲੱਭ ਰਹੇ ਹੋ, ਜੇਕਰ ਲਾਗੂ ਹੋਵੇ,

(iii) ਆਪਣੀਆਂ ਵਿਸ਼ੇਸ਼ ਹਾਲਤਾਂ ਅਤੇ ਉਨ੍ਹਾਂ ਪਰਆਸ਼ਰਿਤਾਂ ਦੇ ਸੰਬੰਧ ਵਿੱਚ ਸਾਰੀ ਜਾਣਕਾਰੀ, ਦਸਤਾਵੇਜ਼ ਅਤੇ ਵੇਰਵੇ ਪ੍ਰਦਾਨ ਕਰਨਾ ਅਤੇ ਵਿਸ਼ੇਸ਼ ਜਾਣਕਾਰੀ ਕਿ ਕਿਉਂ ਤੁਸੀਂ ਅਤੇ ਤੁਹਾਡੇ ਪਰਆਸ਼ਰਿਤ ਆਪਣੇ ਮੂਲ ਦੇਸ਼/ ਪੁਰਾਣੀ ਆਦਤਨ ਵਾਲੇ ਨਿਵਾਸ ਵਾਲੇ ਦੇਸ਼ ਨੂੰ ਤੁਸੀਂ ਅਤੇ ਤੁਹਾਡੇ ਪਰਆਸ਼ਰਿਤ ਵਾਪਸ ਕਿਉਂ ਨਹੀਂ ਪਰਤਣਾ ਚਾਹੁੰਦੇ ਹੋ।

4.5.5 ਪੂਰੀ ਤਰ੍ਹਾਂ ਨਾਲ ਅਤੇ ਪੂਰੀ ਸਚਾਈ ਨਾਲ ਸਹਿਯੋਗ ਕਰਨਾ ਤੁਹਾਡਾ ਫਰਜ਼ ਹੈ। ਅਜਿਹਾ ਨਾ ਕਰਨਾ ਤੁਹਾਡੀ ਭਰੋਸੇਯੋਗਤਾ **ਨੂੰ ਪ੍ਰਭਾਵਿਤ ਕਰ ਸਕਦਾ ਹੈ ਅਤੇ ਇਸ ਦਾ ਨਤੀਜਾ ਅਰਜ਼ੀ ਦੀ ਜਾਂਚ ਵਿੱਚ ਸਹਿਯੋਗ ਨਾ ਕਰਨ ਲਈ ਤੁਹਾਨੂੰ ਜਿੰਮੇਵਾਰ ਠਹਿਰਾਉਣਾ ਹੋ ਸਕਦਾ ਹੈ** (ਦੇਖੋ **ਪੈਰਾ ਉੱਪਰ 4.4.4 ਅਤੇ 4.4.5**).

4.5.6 ਇੱਕ ਇੰਟਰਵਿਊ ਲੈਣ ਵਾਲਾ ਵਿਅਕਤੀ ਅਜਿਹਾ ਕਰ ਸਕਦਾ ਹੈ, ਜਿੱਥੇ ਉਹ ਅਜਿਹਾ ਕਰਨਾ ਜਰੂਰੀ ਸਮਝਦਾ ਹੋਵੇ ਜਾਂ ਸਮਝਦੀ ਹੋਵੇ, ਤੁਹਾਡੀ ਅਰਜ਼ੀ ਵਿੱਚ ਸ਼ਾਮਲ ਕੀਤੇ ਗਏ ਪਰਆਸ਼ਰਿਤਾਂ ਦੀ ਇੰਟਰਵਿਊ ਲੈਣਾ।

4.5.7 ਉਚਿਤ ਸੰਚਾਰ ਨੂੰ ਸੁਨਿਸ਼ਚਿਤ ਕਰਨ ਲਈ ਇੱਕ ਦੁਭਾਸ਼ੀਏ ਦੀ ਮਦਦ ਨਾਲ ਇੱਕ ਮੁਲਾਕਾਤ ਦਾ ਸੰਚਾਲਨ ਕੀਤਾ ਜਾਏਗਾ, ਜਿੱਥੇ ਜਰੂਰੀ ਅਤੇ ਸੰਭਵ ਹੋਵੇ।

4.5.8 ਦੁਭਾਸ਼ੀਆ ਇੰਟਰਵਿਊ ਦੀ ਗੋਪਨੀਯਤਾ ਪ੍ਰਾਕਿਰਤੀ ਦਾ ਸਨਮਾਨ ਕਰਨ ਲਈ ਜਿੰਮੇਵਾਰ ਹੁੰਦਾ ਹੈ, ਅਤੇ ਉਸ ਨੂੰ ਉਸ ਦੇ ਕਾਰਜਾਂ ਵੇਲੇ ਇਕੱਠੀ ਕੀਤੀ ਗਈ ਕਿਸੇ ਵੀ ਜਾਣਕਾਰੀ ਨੂੰ ਪ੍ਰਗਟ ਕਰਨ, ਚਰਚਾ ਕਰਨ, ਵਰਤਣ, ਜਾਂ ਦੂਜੇ ਵਿਅਕਤੀਆਂ ਨੂੰ ਦੱਸਣ ਦੀ ਇਜਾਜ਼ਤ ਨਹੀਂ ਹੁੰਦੀ।

4.5.9 ਤੁਹਾਡੀ ਇੱਕ ਇੰਟਰਵਿਊ ਕਰਤਾ ਦੁਆਰਾ ਇੰਟਰਵਿਊ ਲਈ ਜਾਏਗੀ ਜਿਸ ਨੇ ਅੰਤਰਰਾਸ਼ਟਰੀ ਸੁਰੱਖਿਆ ਲੱਭਣ ਵਾਲੇ ਵਿਅਕਤੀਆਂ ਦੀ ਇੰਟਰਵਿਊ ਲੈਣ ਵਿੱਚ ਟ੍ਰੇਨਿੰਗ ਲਈ ਹੁੰਦੀ ਹੈ ਅਤੇ ਜਿਸ ਕੋਲ ਤੁਹਾਡੇ ਮੂਲ ਦੇਸ਼/ ਪੁਰਾਣੀ ਆਦਤਨ ਰਿਹਾਇਸ਼ ਦੇ ਦੇਸ਼ ਤੇ ਵਿਸਤ੍ਰਿਤ ਜਾਣਕਾਰੀ ਉਪਲਬਧ ਹੁੰਦੀ ਹੈ।

4.5.10 ਇੰਟਰਵਿਊ ਦਾ ਇੱਕ ਲਿਖਤ/ ਛਪਿਆ ਹੋਇਆ ਰਿਕਾਰਡ ਇੰਟਰਵਿਊ ਕਰਤਾ ਦੁਆਰਾ ਰੱਖਿਆ ਜਾਏਗਾ। ਤੁਹਾਡੇ ਕੋਲ ਰਿਕਾਰਡ ਦੀ ਸਮੀਖਿਆ ਕਰਨ ਲਈ ਇੱਕ ਮੌਕਾ ਹੋਵੇਗਾ ਅਤੇ ਤੁਹਾਨੂੰ ਪੁਸ਼ਟੀ ਕਰਨ ਲਈ ਹਰੇਕ ਸਫੇ ਤੇ ਦਸਤਖ਼ਤ ਕਰਨ ਲਈ ਕਿਹਾ ਜਾਏਗਾ ਕਿ ਇਹ ਤੁਹਾਡੀ ਮੁਲਾਕਾਤ ਦਾ ਇੱਕ ਸਹੀ ਤਫ਼ਸੀਲ ਹੈ। **ਜੇਕਰ ਤੁਸੀਂ ਸਮਝਦੇ ਹੋ ਕਿ ਇਸ ਤਫ਼ਸੀਲ ਵਿੱਚ ਕੁੱਝ ਅਜਿਹਾ ਲਿਖਿਆ ਜਾਂ ਛਪਿਆ ਹੈ ਜੋ ਸਹੀ ਨਾ ਹੋਵੇ, ਤਾਂ ਤੁਹਾਨੂੰ ਇੰਟਰਵਿਊ ਕਰਤਾ ਨੂੰ ਸਿੱਧਿਆਂ ਸੂਚਿਤ ਕਰਨਾ ਚਾਹੀਦਾ ਹੈ, ਅਤੇ ਤੁਹਾਨੂੰ ਮੁਲਾਕਾਤ ਦੇ ਦੌਰਾਨ ਇਸ ਨੂੰ ਸਪੱਸ਼ਟ ਕਰਨ ਦਾ ਇੱਕ ਮੌਕਾ ਦਿੱਤਾ ਜਾਏਗਾ।**

4.5.11 ਤੁਸੀਂ ਅਪਣੀ ਅਰਜ਼ੀ ਦੀ ਜਾਂਚ ਨਾਲ ਸੰਬੰਧਿਤ ਕਿਸੇ ਵੀ ਗੱਲ ਨਾਲ ਸੰਬੰਧਿਤ IPO ਨੂੰ ਲਿਖਤੀ ਰੂਪ ਵਿੱਚ ਪੇਸ਼ਕਾਰੀਆਂ ਦਾਖਲ ਕਰ ਸਕਦੇ ਹੋ। ਅਰਜ਼ੀ ਨਾਲ ਸੰਬੰਧਿਤ ਕੋਈ ਹੋਰ ਵਿਅਕਤੀ ਵੀ ਅਜਿਹਾ ਕਰ ਸਕਦਾ ਹੈ, ਜਿਵੇਂ UNHCR ਕਰ ਸਕਦੀ ਹੈ। ਇਹ ਲੋੜ ਹੁੰਦੀ ਹੈ ਕਿ ਕੋਈ ਵੀ ਅਜਿਹੀਆਂ ਪੇਸ਼ਕਾਰੀਆਂ ਇੰਟਰਵਿਊ ਤੋਂ ਪਹਿਲਾਂ ਕੀਤੀਆਂ ਜਾਣ। IPO ਤੁਹਾਡੇ ਨਾਲ ਇੱਕ ਇੰਟਰਵਿਊ ਤੋਂ ਪਹਿਲਾਂ ਜਾਂ ਇਸ ਦੇ ਦੌਰਾਨ ਕੀਤੀਆਂ ਅਜਿਹੀਆਂ ਸਾਰੀਆਂ ਪੇਸ਼ਕਾਰੀਆਂ ਤੇ ਕੰਮ ਕਰੇਗਾ ਅਤੇ ਇਹ ਵੀ ਹੋ ਸਕਦਾ ਹੈ ਕਿ ਇੰਟਰਵਿਊ ਤੋਂ ਬਾਅਦ ਵੀ ਪੇਸ਼ਕਾਰੀਆਂ ਨੂੰ ਕੰਮ ਵਿੱਚ ਲਿਆਂਦਾ ਜਾਏ ਬਸ਼ਰਤੇ ਕਿ ਉਸ ਨੂੰ ਅਰਜ਼ੀ ਦੇ ਸੰਬੰਧ ਵਿੱਚ ਰਿਪੋਰਟ ਦੇ ਪੂਰਾ ਹੋਣ ਤੋਂ ਪਹਿਲਾਂ ਦਾਖਲ ਕੀਤਾ ਗਿਆ ਹੋਵੇ।

4.5.12 ਇੱਕ ਵਿਅਕਤੀਗਤ ਇੰਟਰਵਿਊ ਕੀਤੀ ਜਾ ਸਕਦੀ ਹੈ ਜਿੱਥੇ ਇੱਕ ਅੰਤਰਰਾਸ਼ਟਰੀ ਸੁਰੱਖਿਆ ਅਧਿਕਾਰੀ ਦੀ ਇਹ ਰਾਏ ਹੁੰਦੀ ਹੈ ਕਿ:

(i) ਉਪਲਬਧ ਸਬੂਤ ਦਰਸਾਉਂਦਾ ਹੈ ਕਿ ਬਿਨੈਕਾਰ ਇੱਕ ਉਹ ਵਿਅਕਤੀ ਹੈ ਜਿਸ ਨੂੰ ਇੱਕ ਸ਼ਰਨਾਰਥੀ ਦਾ ਦਰਜਾ ਦਿੱਤਾ ਜਾ ਸਕਦਾ ਹੈ;

(ii) ਬਿਨੈਕਾਰ, 18 ਸਾਲ ਤੋਂ ਘੱਟ ਉਮਰ ਦਾ ਹੋਣ ਨਾਤੇ, ਇੱਕ ਅਜਿਹੀ ਨੌਜਵਾਨ ਉਮਰ ਅਤੇ ਘੱਟ ਪ੍ਰੋੜ੍ਹਤਾ ਦੇ ਲੈਵਲ ਵਾਲਾ ਹੈ ਕਿ ਇੱਕ ਇੰਟਰਵਿਊ ਲਾਭਕਾਰੀ ਤਰੀਕੇ ਨਾਲ ਜਾਂਚ ਨੂੰ ਅੱਗੇ ਨਹੀਂ ਵਧਾਏਗੀ, ਜਾਂ

(iii) ਬਿਨੈਕਾਰ ਪ੍ਰਸਥਿਤੀਆਂ ਦੇ ਅਨੁਸਾਰ ਇੰਟਰਵਿਊ ਲੈਣ ਲਈ ਅਨਫਿੱਟ ਜਾਂ ਅਯੋਗ ਹੈ ਜੋ ਸਥਾਈ ਹੈ ਅਤੇ ਉਸ ਦੇ ਕੰਟਰੋਲ ਤੋਂ ਬਾਹਰ ਹੈ।

**ਤੁਹਾਡੀ ਅਰਜ਼ੀ ਦੀ ਜਾਂਚ ਅਤੇ ਪ੍ਰਸਤਾਵ ਦੀ ਤਿਆਰੀ**

## 4.6 ਮੇਰੀ ਇੰਟਰਵਿਊ ਤੋਂ ਬਾਅਦ ਕੀ ਵਾਪਰਦਾ ਹੈ?

4.6.1 IPO ਅੰਤਰਰਾਸ਼ਟਰੀ ਸੁਰੱਖਿਆ ਲਈ ਤੁਹਾਡੀ ਅਰਜ਼ੀ ਦੇ ਸੰਬੰਧ ਵਿੱਚ ਢੁਕਵੀਂ ਜਾਣਕਾਰੀ ਤੇ ਵਿਚਾਰ ਕਰੇਗਾ ਅਤੇ ਇਸ ਦੇ ਆਧਾਰ ਤੇ ਇੱਕ ਸੁਝਾਵ ਤਿਆਰ ਕਰੇਗਾ।

## 4.7 ਮੇਰੀ ਅੰਤਰਰਾਸ਼ਟਰੀ ਸੁਰੱਖਿਆ ਅਰਜ਼ੀ ਦੇ ਸੰਭਾਵਿਤ ਨਤੀਜੇ ਕੀ ਹੁੰਦੇ ਹਨ?

4.7.1 ਇੱਕ ਅੰਤਰਰਾਸ਼ਟਰੀ ਸੁਰੱਖਿਆ ਅਧਿਕਾਰੀ ਅੰਤਰਰਾਸ਼ਟਰੀ ਸੁਰੱਖਿਆ ਲਈ ਤੁਹਾਡੀ ਅਰਜ਼ੀ ਤੇ ਇੱਕ ਸੁਝਾਵ ਵਾਲੀ ਇੱਕ ਲਿਖਤੀ ਰਿਪੋਰਟੇ ਪੇਸ਼ ਕਰੇਗਾ। ਸੁਝਾਵ ਹੇਠਾਂ ਦਿੱਤਿਆਂ ਵਿੱਚੋਂ ਇੱਕ ਹੋਵੇਗਾ:

(i) ਇਹ ਕਿ ਤੁਹਾਨੂੰ ਇੱਕ ਸ਼ਰਨਾਰਥੀ ਦਾ ਦਰਜਾ ਦਿੱਤਾ ਜਾਣਾ ਚਾਹੀਦਾ ਹੈ,

(ii) ਇਹ ਕਿ ਤੁਹਾਨੂੰ ਇੱਕ ਸ਼ਰਨਾਰਥੀ ਦਾ ਦਰਜਾ ਨਹੀਂ ਦਿੱਤਾ ਜਾਣਾ ਚਾਹੀਦਾ ਪਰ ਇੱਕ ਸਹਾਇਕ ਸੁਰੱਖਿਆ ਦਾ ਦਰਜਾ ਦਿੱਤਾ ਜਾਣਾ ਚਾਹੀਦਾ ਹੈ, ਜਾਂ

(iii) ਇਹ ਕਿ ਤੁਹਾਨੂੰ ਨਾ ਤਾਂ ਇੱਕ ਸ਼ਰਨਾਰਥੀ ਨਾ ਹੀ ਇੱਕ ਸਹਾਇਕ ਸੁਰੱਖਿਆ ਦਾ ਦਰਜਾ ਦਿੱਤਾ ਜਾਣਾ ਚਾਹੀਦਾ ਹੈ।

4.7.2 ਉਸ ਸੂਰਤਾਂ ਵਿੱਚ ਜਿੱਥੇ ਇਹ ਸੁਝਾਵ ਦਿੱਤਾ ਜਾਂਦਾ ਹੈ ਕਿ ਤੁਹਾਨੂੰ ਨਾ ਤਾਂ ਇੱਕ ਸ਼ਰਨਾਰਥੀ ਨਾ ਹੀ ਇੱਕ ਸਹਾਇਕ ਸੁਰੱਖਿਆ ਦਾ ਦਰਜਾ ਦਿੱਤਾ ਜਾਣਾ ਚਾਹੀਦਾ ਹੈ, ਅੰਤਰਰਾਸ਼ਟਰੀ ਸੁਰੱਖਿਆ ਅਧਿਕਾਰੀ ਦੀ ਰਿਪੋਰਟ ਵਿੱਚ ਹੇਠਾਂ ਦਿੱਤੇ ਅਨੁਸਾਰ ਇੱਕ ਜਾਂ ਵੱਧ ਲੱਭਤਾਂ ਨੂੰ ਵੀ ਸ਼ਾਮਲ ਕੀਤਾ ਜਾ ਸਕਦਾ ਹੈ:

(i) ਇਹ ਕਿ ਤੁਹਾਡੀ ਅਰਜ਼ੀ ਵਿੱਚ ਕੇਵਲ ਉਹ ਹੀ ਮੁੱਦੇ ਉਠਾਏ ਗਏ ਹਨ ਜੋ ਸੰਬੰਧਿਤ ਨਹੀਂ ਹਨ ਜਾਂ ਅੰਤਰਰਾਸ਼ਟਰੀ ਸੁਰੱਖਿਆ ਲਈ ਤੁਹਾਡੀ ਯੋਗਤਾ ਲਈ ਬਹੁਤ ਘੱਟ ਢੁਕਵੇਂ ਹਨ,

(ii) ਇਹ ਕਿ ਤੁਸੀਂ ਬੇਮੇਲ, ਵਿਵਾਦਗ੍ਰਸਤ, ਅਸੰਭਵ ਜਾਂ ਅਣਉਚਿੱਤ ਪੇਸ਼ਕਾਰੀਆਂ ਤਿਆਰ ਕੀਤੀਆਂ ਹਨ ਜਿਹੜੀਆਂ ਅੰਤਰਰਾਸ਼ਟਰੀ ਸੁਰੱਖਿਆ ਲਈ ਤੁਹਾਡੇ ਕਲੇਮ ਦੇ ਯੋਗ ਹੋਣ ਨੂੰ ਸਪੱਸ਼ਟ ਰੂਪ ਵਿੱਚ ਬੇਯਕੀਨੀ ਬਣਾਉਂਦੀਆਂ ਹਨ,

(iii) ਇਹ ਕਿ ਤੁਸੀਂ ਜਿੰਨਾ ਜਲਦੀ ਸੰਭਵ ਹੋ ਸਕਦਾ ਤੁਸੀਂ ਬਿਨਾਂ ਕਿਸੇ ਉਚਿੱਤ ਕਾਰਣ ਤੋਂ ਅਪਣੀ ਅਰਜ਼ੀ ਨੂੰ ਵਿਵਹਾਰਕ ਬਣਾਉਣ ਵਿੱਚ ਅਸਫ਼ਲ ਰਹੇ ਜਿਸ ਲਈ ਤੁਹਾਨੂੰ ਇੱਕ ਮੌਕਾ ਦਿੱਤਾ ਗਿਆ ਸੀ,

(iv) ਇਹ ਕਿ ਤੁਹਾਨੂੰ ਅੰਤਰਰਾਸ਼ਟਰੀ ਸੁਰੱਖਿਆ ਦੀ ਲੋੜ ਨਹੀਂ ਹੈ ਕਿਉਂਕਿ ਤੁਹਾਡੇ ਮੂਲ ਦੇਸ਼/ ਪੁਰਾਣੀ ਆਦਤਨ ਰਿਹਾਇਸ਼ ਦੇ ਦੇਸ਼ ਦੇ ਇੱਕ ਹਿੱਸੇ ਵਿੱਚ ਸੁਰੱਖਿਆ ਉਪਲਬਧ ਹੈ,

(v) ਇਹ ਕਿ ਤੁਹਾਡੇ ਮੂਲ ਦੇਸ਼/ ਪੁਰਾਣੀ ਆਦਤਨ ਰਿਹਾਇਸ਼ ਦੇ ਦੇਸ਼ ਨੂੰ ਸੁਰੱਖਿਅਤ ਮੂਲ ਦੇਸ਼/ ਪੁਰਾਣੀ ਆਦਤਨ ਰਿਹਾਇਸ਼ ਦਾ ਸੁਰੱਖਿਅਤ ਦੇਸ਼ ਮੰਨਿਆ ਗਿਆ ਹੈ।

ਉਸ ਸੂਰਤ ਵਿੱਚ ਜਿੱਥੇ ਇੱਕ ਰਿਪੋਰਟ ਉੱਪਰ ਦਿੱਤੀਆਂ ਗਈਆਂ ਲੱਭਤਾਂ ਵਿੱਚੋਂ ਕਿਸੇ ਇੱਕ ਨੂੰ ਸ਼ਾਮਲ ਕਰਦੀ ਹੈ, ਉੱਥੇ IPAT ਲਈ ਇੱਕ ਅਪੀਲ ਵਾਸਤੇ ਛੋਟੀ ਅਵਧੀ ਲਾਗੂ ਹੋ ਸਕਦੀ ਹੈ। ਅਪੀਲਾਂ ਦੀ ਪ੍ਰਕਿਰਿਆ ਤੇ ਜਾਣਕਾਰੀ ਲਈ **ਸੈਕਸ਼ਨ 5** ਦੇਖੋ।

4.7.3 ਇਕੱਲੀ ਵਿਧੀ ਪ੍ਰਕਿਰਿਆ ਦੇ ਹਿੱਸੇ ਵਜੋਂ, ਜੇਕਰ ਤੁਹਾਨੂੰ ਸ਼ਰਨਾਰਥੀ ਦਰਜੇ ਜਾਂ ਸਹਾਇਕ ਸੁਰੱਖਿਆ ਲਈ ਯੋਗ ਨਹੀਂ ਪਾਇਆ ਜਾਂਦਾ ਹੈ, ਤਾਂ ਮੰਤਰੀ ਉਸ ਤੇ ਵਿਚਾਰ ਕਰੇਗਾ ਕਿ ਕੀ ਕੋਈ ਅਜਿਹੇ ਕਾਰਣ ਹਨ ਕਿ ਤੁਹਾਨੂੰ ਸਟੇਟ (ਆਇਰਲੈਂਡ) ਵਿੱਚ ਰਹਿਣ ਲਈ ਇਜਾਜ਼ਤ ਕਿਉਂ ਦੇਣੀ ਚਾਹੀਦੀ ਹੈ। ਕਿਰਪਾ ਕਰਕੇ **ਪੈਰਾ 1.6** ਅਤੇ **ਸੈਕਸ਼ਨ 13** ਦੇਖੋ।

4.7.4 ਮੰਤਰੀ ਤੁਹਾਨੂੰ ਅਤੇ ਤੁਹਾਡੇ ਕਾਨੂੰਨੀ ਪ੍ਰਤੀਨਿਧੀ (ਜੇਕਰ ਗਿਆਤ ਹੋਵੇ) ਦੋਹਾਂ ਨੂੰ, ਰਜਿਸਟਰਡ ਡਾਕ ਰਾਹੀਂ ਅੰਤਰਰਾਸ਼ਟਰੀ ਸੁਰੱਖਿਆ ਅਧਿਕਾਰੀ ਦੇ ਸੁਝਾਵ ਬਾਰੇ ਸੂਚਿਤ ਕਰੇਗਾ। ਜੇਕਰ ਸੁਝਾਵ ਇਹ ਹੁੰਦਾ ਹੈ ਕਿ ਤੁਹਾਨੂੰ ਸ਼ਰਨਾਰਥੀ ਦਾ ਦਰਜਾ ਦਿੱਤਾ ਜਾਣਾ ਚਾਹੀਦਾ ਹੈ, ਤਾਂ ਤੁਹਾਨੂੰ ਕੇਵਲ ਉਸ ਤੱਥ ਬਾਰੇ ਹੀ ਸੂਚਿਤ ਕੀਤਾ ਜਾਏਗਾ।

ਜੇਕਰ ਤੁਹਾਨੂੰ ਸ਼ਰਨਾਰਥੀ ਦੇ ਦਰਜੇ ਜਾਂ ਦੋਹਾਂ ਸ਼ਰਨਾਰਥੀ ਦੇ ਦਰਜੇ ਅਤੇ ਸਹਾਇਕ ਸੁਰੱਖਿਆ ਤੋਂ ਮਨ੍ਹਾਂ ਕੀਤਾ ਗਿਆ ਹੈ, ਤਾਂ ਤੁਹਾਨੂੰ ਭੇਜਿਆ ਜਾਏਗਾ:

(i) ਸੁਝਾਵ ਲਈ ਕਾਰਣਾਂ ਦੀ ਇੱਕ ਸਟੇਟਮੈਂਟ,

(ii) ਸੁਝਾਵ ਵਾਲੀ ਰਿਪੋਰਟ ਦੀ ਇੱਕ ਪ੍ਰਤੀਲਿੱਪੀ, ਅਤੇ

(iii) ਇਸ ਬਾਰੇ ਜਾਣਕਾਰੀ ਕਿ IPAT ਨੂੰ ਇਸ ਸੁਝਾਵ ਤੇ ਅਪੀਲ ਕਿਵੇਂ ਕਰਨੀ ਹੈ।

4.7.5 ਜੇਕਰ ਤੁਹਾਨੂੰ ਅੰਤਰਰਾਸ਼ਟਰੀ ਸੁਰੱਖਿਆ ਲਈ ਯੋਗ ਨਹੀਂ ਪਾਇਆ ਜਾਂਦਾ ਹੈ, ਤਾਂ ਤੁਸੀਂ ਇਸ ਤੇ ਇੱਕ ਫੈਸਲਾ ਵੀ ਪ੍ਰਾਪਤ ਕਰੋਗੇ ਕਿ ਕੀ ਮੰਤਰੀ ਨੇ ਤੁਹਾਨੂੰ ਕਿਸੇ ਹੋਰ ਆਧਾਰਾਂ ਤੇ ਬਣੇ ਰਹਿਣ ਲਈ ਇਜਾਜ਼ਤ ਦੇਣ ਦਾ ਫੈਸਲਾ ਕੀਤਾ ਹੈ, ਇਸ ਫੈਸਲੇ ਲਈ ਕਾਰਣਾਂ ਬਾਰੇ ਦੱਸਦੇ ਹੋਏ।

4.7.6 ਤੁਸੀਂ IPAT ਨੂੰ ਤੁਹਾਨੂੰ ਅੰਤਰਰਾਸ਼ਟਰੀ ਸੁਰੱਖਿਆ (ਜਾਂ ਤਾਂ ਸ਼ਰਨਾਰਥੀ ਦਾ ਦਰਜ਼ ਜਾਂ ਦੋਨੋਂ ਸ਼ਰਨਾਰਥੀ ਦਾ ਦਰਜਾ ਅਤੇ ਸਹਾਇਕ ਸੁਰੱਖਿਆ) ਨਾ ਪ੍ਰਦਾਨ ਕਰਨ ਦੇ ਸੁਝਾਵ ਤੇ ਇੱਕ ਅਪੀਲ ਕਰ ਸਕਦੇ ਹੋ। ਤੁਹਾਡੀ ਅਪੀਲ ਤੇ ਇੱਕ IPAT ਫੈਸਲਾ, ਅਤੇ ਇਸ ਲਈ ਕਾਰਣਾਂ ਬਾਰੇ, ਤੁਹਾਨੂੰ ਅਤੇ ਤੁਹਾਨੂੰ ਕਾਨੂੰਨੀ ਪ੍ਰਤੀਨਿਧੀ (ਜੇਕਰ ਗਿਆਤ ਹੋਣ) ਦੋਹਾਂ ਨੂੰ ਸੂਚਿਤ ਕੀਤਾ ਜਾਏਗਾ।

4.7.7 <u>ਤੁਸੀਂ ਬਣੇ ਰਹਿਣ ਲਈ ਤੁਹਾਨੂੰ ਇਜਾਜ਼ਤ ਨਾ ਦੇਣ ਤੇ ਮੰਤਰੀ ਦੇ ਫੈਸਲੇ ਤੇ ਅਪੀਲ ਨਹੀਂ ਕਰ ਸਕਦੇ ਹੋ।</u>

4.7.8 ਜੇਕਰ ਤੁਸੀਂ ਤੁਹਾਨੂੰ ਅੰਤਰਰਾਸ਼ਟਰੀ ਸੁਰੱਖਿਆ ਨਾ ਦੇਣ ਤੇ ਇੱਕ ਸੁਝਾਵ ਤੇ ਅਪੀਲ ਕਰਦੇ ਹੋ ਅਤੇ IPAT ਉਸ ਸੁਝਾਵ ਨੂੰ ਰੱਦ ਕਰਦੀ ਹੈ, ਤਾਂ ਮੰਤਰੀ ਤੁਹਾਨੂੰ ਬਣੇ ਰਹਿਣ ਲਈ ਇਜਾਜ਼ਤ ਨਾ ਦੇਣ ਦੇ ਫੈਸਲੇ ਦੀ ਸਮੀਖਿਆ ਕਰੇਗਾ ਜੇਕਰ ਤੁਸੀਂ ਅਸਲ ਕੀਤੇ ਗਏ ਫੈਸਲੇ ਤੋਂ ਬਾਅਦ ਪ੍ਰਸਥਿਤੀਆਂ (ਉਸ ਫੈਸਲੇ ਨਾਲ ਸੰਬੰਧਿਤ) ਦੇ ਇੱਕ ਬਦਲਾਵ ਦੇ ਸੰਬੰਧ ਵਿੱਚ ਕੋਈ ਨਵੀਂ ਜਾਣਕਾਰੀ ਦਾਖਲ ਕੀਤੀ ਹੋਵੇ (ਦੇਖੋ **ਪੈਰਾ 13.5**)।

## 4.8 ਕੀ ਹੁੰਦਾ ਹੈ ਜੇਕਰ ਮੈਨੂੰ 6 ਮਹੀਨਿਆਂ ਦੇ ਅੰਦਰ ਅੰਤਰਰਾਸ਼ਟਰੀ ਸੁਰੱਖਿਆ ਲਈ ਆਪਣੀ ਅਰਜ਼ੀ ਤੇ ਇੱਕ ਸੁਝਾਵ ਪ੍ਰਾਪਤ ਨਹੀਂ ਹੁੰਦਾ?

4.8.1 ਜੇਕਰ ਤੁਸੀਂ 6 ਮਹੀਨਿਆਂ ਦੇ ਅੰਦਰ ਉਸ ਅਰਜ਼ੀ ਤੇ ਇੱਕ ਸੁਝਾਵ ਪ੍ਰਾਪਤ ਨਾ ਕੀਤਾ ਹੋਵੇ, ਤਾਂ ਮੰਤਰੀ, ਤੁਹਾਡੀ ਬੇਨਤੀ ਤੇ, ਉਸ ਅਨੁਮਾਨਿਤ ਅਵਧੀ ਦੇ ਅੰਦਰ ਜਾਣਕਾਰੀ ਪ੍ਰਦਾਨ ਕਰੇਗਾ ਜਿਸ ਅੰਦਰ ਸੁਝਾਵ ਦਿੱਤਾ ਜਾਣਾ ਚਾਹੀਦਾ ਹੈ। ਹਾਲਾਂਕਿ, ਇਹ ਅਨੁਮਾਨ ਉਸ ਸਮੇਂ ਅੰਦਰ ਇੱਕ ਸੁਝਾਵ ਤਿਆਰ ਕਰਨ ਲਈ IPO ਨੂੰ ਮਜ਼ਬੂਰ ਨਹੀਂ ਕਰਦਾ ਹੈ।

# ਸੈਕਸ਼ਨ 5
# ਅਪੀਲਾਂ ਅਤੇ ਅੰਤਰਰਾਸ਼ਟਰੀ ਸੁਰੱਖਿਆ

## 5.1 ਕੀ ਮੇਰੇ ਕੋਲ ਮੈਨੂੰ ਅੰਤਰਰਾਸ਼ਟਰੀ ਸੁਰੱਖਿਆ ਅਤੇ ਦੂਜੇ ਪ੍ਰਸਤਾਵਾਂ ਦੀ ਸਵੀਕ੍ਰਿਤੀ ਨਾ ਦੇਣ ਲਈ ਇੱਕ ਸੁਝਾਵ ਲਈ ਅਪੀਲ ਕਰਨ ਦਾ ਹੱਕ ਹੈ?

5.1.1 ਹਾਂ। ਜੇਕਰ ਇਹ ਸੁਝਾਵ ਦਿੱਤਾ ਜਾਂਦਾ ਹੈ ਕਿ ਤੁਸੀਂ ਸ਼ਰਨਾਰਥੀ ਦੇ ਦਰਜੇ ਦੇ ਯੋਗ ਨਹੀਂ ਹੋ ਜਾਂ ਇਹ ਕਿ ਤੁਸੀਂ ਇੱਕ ਸ਼ਰਨਾਰਥੀ ਜਾਂ ਸਹਾਇਕ ਸੁਰੱਖਿਆ ਦਰਜੇ ਦੇ ਹੱਕਦਾਰ ਨਹੀਂ ਹੋ ਤਾਂ ਤੁਸੀਂ ਉਸ ਸੁਝਾਵ ਤੇ ਇੱਕ ਅਪੀਲ ਪਾ ਸਕਦੇ ਹੋ।

5.1.2 ਤੁਸੀਂ ਇੱਕ ਇਸ ਸੁਝਾਵ ਤੇ ਵੀ ਅਪੀਲ ਕਰਨ ਦੇ ਹੱਕਦਾਰ ਹੋ ਕਿ -

(i) ਤੁਹਾਡੀ ਸੁਰੱਖਿਆ ਦੀ ਅਰਜ਼ੀ ਦਾਖਲ ਨਾ ਕਰਨਯੋਗ ਹੈ, ਜਾਂ

(ii) ਤੁਹਾਨੂੰ ਅੰਤਰਰਾਸ਼ਟਰੀ ਸੁਰੱਖਿਆ ਲਈ ਇੱਕ ਅਗਲੀ ਅਰਜ਼ੀ ਤਿਆਰ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ।

## 5.2 ਮੈਂ ਅਪੀਲ ਕਿਵੇਂ ਕਰਾਂ?

5.2.1 ਤੁਹਾਨੂੰ ਅੰਤਰਰਾਸ਼ਟਰੀ ਸੁਰੱਖਿਆ ਅਪੀਲਜ਼ ਟ੍ਰਿਬਿਊਨਲ ਕੋਲ ਇੱਕ ਅਪੀਲ ਭੇਜਣੀ ਚਾਹੀਦੀ ਹੈ। ਜਦੋਂ ਤੁਸੀਂ ਆਪਣਾ ਸੁਝਾਵ ਪ੍ਰਾਪਤ ਕਰਦੇ ਹੋ ਤਾਂ ਤੁਹਾਨੂੰ ਅਪੀਲ ਫਾਰਮ ਦੀ ਇੱਕ ਪ੍ਰਤੀਲਿੱਪੀ ਦਿੱਤੀ ਜਾਏਗੀ ਜਿਸ ਨੂੰ ਤੁਹਾਨੂੰ ਭਰਨ ਦੀ ਲੋੜ ਹੁੰਦੀ ਹੈ।

## 5.3 ਇੱਕ ਅਪੀਲ ਦਾਖ਼ਲ ਕਰਨ ਲਈ ਕਿਹੜੀਆਂ ਸਮਾਂ ਸੀਮਾਵਾਂ ਹਨ?

5.3.1 ਸੰਬੰਧਿਤ ਸਮਾਂ ਸੀਮਾਵਾਂ ਦੇ ਵੇਰਵਿਆਂ ਨੂੰ ਤੁਹਾਡੇ ਸੁਝਾਵ ਵਿੱਚ ਸ਼ਾਮਲ ਕੀਤਾ ਜਾਏਗਾ।

## 5.4 ਕੀ ਮੇਰੇ ਕੋਲ ਆਪਣੀ ਅਪੀਲ ਲਈ ਕਾਨੂੰਨੀ ਪੇਸ਼ਕਾਰੀ ਲਈ ਅਧਿਕਾਰ ਹੈ?

5.4.1 ਹਾਂ। ਤੁਹਾਨੂੰ ਆਪਣੀ ਅਪੀਲ ਬਾਰੇ ਆਪਣੇ ਕਾਨੂੰਨੀ ਪ੍ਰਤੀਨਿਧੀ ਨਾਲ ਚਰਚਾ ਕਰਨੀ ਚਾਹੀਦੀ ਹੈ। ਜੇਕਰ ਤੁਹਾਡੇ ਕੋਲ ਇੱਕ ਕਾਨੂੰਨੀ ਪ੍ਰਤੀਨਿਧੀ ਨਹੀਂ ਹੁੰਦਾ ਹੈ, ਤਾਂ ਤੁਸੀਂ ਕਾਨੂੰਨੀ ਸਹਾਇਤਾ ਬੋਰਡ ਨਾਲ ਸੰਪਰਕ ਕਰ ਸਕਦੇ ਹੋ। ਵਿਕਲਪਿਕ ਤੌਰ ਤੇ, ਤੁਸੀਂ ਆਪਣੀ ਮਦਦ ਕਰਨ ਲਈ ਆਪਣੇ ਖਰਚੇ ਤੇ ਇੱਕ ਪ੍ਰਾਈਵੇਟ ਸਾਲਿਸਟਰ ਕਰ ਸਕਦੇ ਹੋ।

## 5.5 ਕਿੰਨੀ ਜਲਦੀ ਮੇਰੀ ਅਪੀਲ ਤੇ ਸੁਣਵਾਈ ਕੀਤੀ ਜਾਏਗੀ?

5.5.1 ਅੰਤਰਰਾਸ਼ਟਰੀ ਸੁਰੱਖਿਆ ਅਪੀਲਜ਼ ਟ੍ਰਿਬਿਊਨਲ ਉਨ੍ਹਾਂ ਵੇਰਵਿਆਂ ਦੇ ਨਾਲ ਤੁਹਾਡੇ ਨਾਲ ਸੰਪਰਕ ਕਰੇਗਾ ਕਿ ਤੁਹਾਡੀ ਅਪੀਲ ਤੇ ਸੁਣਵਾਈ ਕਦੋਂ ਕੀਤੀ ਜਾਏਗੀ।

## 5.6 ਮੈਂ ਅਪੀਲ ਪ੍ਰਕਿਰਿਆ ਬਾਰੇ ਹੋਰ ਜਾਣਕਾਰੀ ਕਿੱਥੋਂ ਪ੍ਰਾਪਤ ਕਰ ਸਕਦਾ ਹਾਂ?

5.6.1 ਅੰਤਰਰਾਸ਼ਟਰੀ ਸੁਰੱਖਿਆ ਲਈ ਅਰਜ਼ੀਆਂ ਦੇ ਸੰਬੰਧ ਵਿੱਚ ਅਪੀਲਜ਼ ਪ੍ਰਕਿਰਿਆ ਤੇ ਜਾਣਕਾਰੀ ਨੂੰ IPAT ਵੈਬਸਾਈਟ www.protectionappeals.ie. ਤੇ ਦੇਖਿਆ ਜਾ ਸਕਦਾ ਹੈ।

# ਸੈਕਸ਼ਨ 6
# ਸ਼ਰਨਾਰਥੀ ਜਾਂ ਸਹਾਇਕ ਸੁਰੱਖਿਆ ਦਰਜੇ ਦੀ ਘੋਸ਼ਣਾ

## 6.1 ਮੇਰੇ ਇੱਕ ਸੁਝਾਵ ਨੂੰ ਪ੍ਰਾਪਤ ਕਰਨ ਤੋਂ ਬਾਅਦ ਕੀ ਹੁੰਦਾ ਹੈ?

6.1.1 ਜੇਕਰ IPO ਸੁਝਾਵ ਦਿੰਦਾ ਹੈ ਕਿ ਤੁਹਾਨੂੰ ਇੱਕ ਸ਼ਰਨਾਰਥੀ ਜਾਂ ਸਹਾਇਕ ਸੁਰੱਖਿਆ ਦਾ ਦਰਜਾ ਦਿੱਤਾ ਜਾਣਾ ਚਾਹੀਦਾ ਹੈ, ਜਾਂ IPAT IPO ਦੇ ਸੁਝਾਵ ਤੇ ਇੱਕ ਨੈਗੇਟਿਵ ਸੁਝਾਵ ਪੇਸ਼ ਕਰਦਾ ਹੈ, ਤਾਂ ਮੰਤਰੀ, ਜਿੰਨੀ ਜਲਦੀ ਸੰਭਵ ਹੋਵੇ, ਤੁਹਾਨੂੰ ਇੱਕ ਸ਼ਰਣਾਰਤੀ ਜਾਂ ਇੱਕ ਸਹਾਇਕ ਸੁਰੱਖਿਆ ਦਰਜੇ ਦੀ ਘੋਸ਼ਣਾ ਕਰਦਾ ਹੈ, ਜੋ ਵੀ ਲਾਗੂ ਹੁੰਦਾ ਹੋਵੇ। ਇਹ ਹੇਠਾਂ ਦਿੱਤੇ **ਪੈਰਾ 6.1.4** ਦੇ ਅਨੁਸਾਰ ਹੈ।

6.1.2 ਜੇਕਰ IPO ਸੁਝਾਵ ਦਿੰਦਾ ਹੈ ਕਿ ਤੁਹਾਨੂੰ ਇਸ ਘੋਸ਼ਣਾ ਦਾ ਕੋਈ ਵੀ ਰੂਪ ਨਹੀਂ ਦਿੱਤਾ ਜਾਣਾ ਚਾਹੀਦਾ, ਅਤੇ

(i) ਤੁਸੀਂ ਅਪੀਲ ਨਹੀਂ ਕਰਦੇ ਹੋ, ਜਾਂ,

(ii) ਜੇਕਰ ਤੁਸੀਂ ਅਪੀਲ ਕਰਦੇ ਹੋ ਅਤੇ ਤੁਸੀਂ ਅਸਫ਼ਲ ਹੁੰਦੇ ਹੋ,

ਤਾਂ ਮੰਤਰੀ ਤੁਹਾਨੂੰ ਘੋਸ਼ਣਾ ਦੇ ਕਿਸੇ ਵੀ ਰੂਪ ਦੀ ਸਵੀਕ੍ਰਿਤੀ ਦੇਣ ਲਈ ਮਨ੍ਹਾਂ ਕਰੇਗਾ।

6.1.3 ਇੱਕ ਸ਼ਰਨਾਰਥੀ ਦੀ ਘੋਸ਼ਣਾ ਜਾਂ ਇੱਕ ਸਹਾਇਕ ਸੁਰੱਖਿਆ ਘੋਸ਼ਣਾ ਤੁਹਾਡੇ ਇੱਕ ਆਇਰਿਸ਼ ਨਾਗਰਿਕ ਬਣਨ ਤੇ ਪਾਬੰਦੀ ਲਗਾਈ ਹੈ।

6.1.4 ਤਾਂ ਵੀ ਜੇਕਰ IPO ਸੁਝਾਵ ਦਿੰਦਾ ਹੈ ਜਾਂ IPAT ਅਪੀਲ ਤੇ ਫੈਸਲਾ ਕਰਦੀ ਹੈ ਕਿ ਤੁਸੀਂ ਇੱਕ ਸ਼ਰਨਾਰਥੀ ਹੋ, ਤਾਂ ਮੰਤਰੀ ਤੁਹਾਨੂੰ ਇੱਕ ਦਰਜਾ ਦੇਣ ਲਈ ਮਨ੍ਹਾਂ ਕਰ ਸਕਦਾ ਹੈ ਜਿੱਥੇ:

(i) ਤੁਹਾਡੇ ਸਟੇਟ (ਆਇਰਲੈਂਡ) ਦੀ ਸੁਰੱਖਿਆ ਲਈ ਇੱਕ ਖਤਰਾ ਹੋਣ ਦੇ ਉਚਿੱਤ ਆਧਾਰ ਹੁੰਦੇ ਹਨ, ਜਾਂ

(ii) ਤੁਸੀਂ ਸਟੇਟ (ਆਇਰਲੈਂਡ) ਦੇ ਸਮੁਦਾਇ ਲਈ ਇੱਕ ਖਤਰਾ ਤਿਆਰ ਕਰਦੇ ਹੋ, ਇੱਕ ਵਿਸ਼ੇਸ਼ ਗੰਭੀਰ ਜੁਰਮ ਦੇ ਅੰਤਿਮ ਫੈਸਲੇ ਦੁਆਰਾ ਦੋਸ਼ੀ ਠਹਿਰਾਉਣ ਤੋਂ ਬਾਅਦ (ਸਟੇਟ (ਆਇਰਲੈਂਡ) ਦੇ ਅੰਦਰ ਜਾਂ ਬਾਹਰ))।

# ਸੈਕਸ਼ਨ 7
# ਤੁਹਾਡੇ ਅਧਿਕਾਰ ਜੇਕਰ ਅੰਤਰਰਾਸ਼ਟਰੀ ਸੁਰੱਖਿਆ ਦਿੱਤੀ ਗਈ ਹੋਵੇ

## 7.1 ਮੇਰੇ ਕੀ ਅਧਿਕਾਰ ਹੁੰਦੇ ਹਨ ਜੇਕਰ ਮੈਂ ਅੰਤਰਰਾਸ਼ਟਰੀ ਸੁਰੱਖਿਆ ਪ੍ਰਾਪਤ ਕਰਦਾ ਹਾਂ?

7.1.2 ਜਦੋਂ ਤੁਸੀਂ ਇੱਕ ਸ਼ਰਨਾਰਥੀ ਦੇ ਦਰਜੇ ਜਾਂ ਇੱਕ ਸਹਾਇਕ ਸੁਰੱਖਿਆ ਦੇ ਦਰਜੇ ਨੂੰ ਪ੍ਰਾਪਤ ਕਰਦੇ ਹੋ, ਅੰਤਰਰਾਸ਼ਟਰੀ ਸੁਰੱਖਿਆ ਐਕਟ, 2015 ਤਹਿਤ, ਤੁਸੀਂ ਹੱਕਦਾਰ ਹੁੰਦੇ ਹੋ:

(i) ਸਟੇਟ (ਆਇਰਲੈਂਡ) ਵਿੱਚ ਰੋਜ਼ਗਾਰ ਲੱਭਣ ਅਤੇ ਇਹ ਕਰਨ ਲਈ, ਕਿਸੇ ਵੀ ਕਾਰੋਬਾਰ, ਵਪਾਰ ਜਾਂ ਕਿੱਤੇ ਵਿੱਚ ਵਿਅਸਤ ਹੋਣ ਲਈ ਅਤੇ ਸਿੱਖਿਆ ਅਤੇ ਟ੍ਰੇਨਿੰਗ ਲੈਣ ਲਈ ਇੱਕ ਆਇਰਿਸ਼ ਨਾਗਰਿਕ ਦੇ ਵਾਂਗ ਅਤੇ ਉਸ ਹੱਦ ਤੱਕ;

(ii) ਆਇਰਿਸ਼ ਨਾਗਰਿਕਾਂ ਲਈ ਸਮਾਨ ਲਾਗੂ ਹੋਣ ਵਾਲੀਆਂ ਹਾਲਤਾਂ ਅਨੁਸਾਰ, ਸਮਾਨ ਮੈਡੀਕਲ ਕੇਅਰ ਅਤੇ ਸਮਾਨ ਸਮਾਜਿਕ ਭਲਾਈ ਲਾਭ ਪ੍ਰਾਪਤ ਕਰਨਾ ਜਿਨ੍ਹਾਂ ਦੇ ਆਇਰਿਸ਼ ਨਾਗਰਿਕ ਹੱਕਦਾਰ ਹੁੰਦੇ ਹਨ;

(iii) ਤਿੰਨ ਸਾਲਾਂ ਤੋਂ ਘੱਟ **ਇੱਕ ਨਿਰਧਾਰਿਤ ਅਵਧੀ** ਲਈ ਸਟੇਟ (ਆਇਰਲੈਂਡ) ਵਿੱਚ ਰਹਿਣ ਲਈ ਜਿਹੜਾ ਹਾਲਤਾਂ ਦੇ ਅਨੁਸਾਰ ਨਵਿਆਉਣਯੋਗ ਹੋਵੇਗਾ; ਅਤੇ

(iv) ਯਾਤਰਾ ਦੇ ਸਮਾਨ ਅਧਿਕਾਰਾਂ ਲਈ ਅਤੇ ਸਟੇਟ (ਆਇਰਲੈਂਡ) ਤੋਂ ਜਿਵੇਂ ਆਇਰਿਸ਼ ਦੇ ਨਾਗਰਿਕ ਹੱਕਦਾਰ ਹੁੰਦੇ ਹਨ ਅਤੇ ਇੱਕ ਯਾਤਰਾ ਦਸਤਾਵੇਜ਼ ਲਈ।

## ਸੈਕਸ਼ਨ 8
## ਅੰਤਰਰਾਸ਼ਟਰੀ ਸੁਰੱਖਿਆ ਪ੍ਰਕਿਰਿਆ ਵਿੱਚ ਤੁਹਾਡੇ ਅਧਿਕਾਰ ਅਤੇ ਫਰਜ਼

### 8.1 ਅੰਤਰਰਾਸ਼ਟਰੀ ਸੁਰੱਖਿਆ ਅਰਜ਼ੀ ਪ੍ਰਕਿਰਿਆ ਵਿੱਚ ਮੇਰੇ ਕਿਹੜੇ ਅਧਿਕਾਰ ਹੁੰਦੇ ਹਨ?

8.1.1 ਜਦੋਂ ਤੱਕ ਤੁਹਾਡੇ ਕੇਸ ਨਾਲ ਈਯੂ ਡਬਲਿਨ ਰੈਗੂਲੇਸ਼ਨ ਤਹਿਤ ਨਹੀਂ ਨਿਪਟਿਆ ਨਹੀਂ ਜਾਂਦਾ ਹੈ, ਜਿਸ ਵਿੱਚ ਕੁਝ ਵਿਕਲਪਿਕ ਪ੍ਰਬੰਧ ਲਾਗੂ ਹੁੰਦੇ ਹਨ (ਦੇਖੋ **ਸੈਕਸ਼ਨ 10**), ਅੰਤਰਰਾਸ਼ਟਰੀ ਸੁਰੱਖਿਆ ਲਈ ਇੱਕ ਬਿਨੈਕਾਰ ਹੋਣ ਨਾਤੇ ਤੁਹਾਡੇ ਅਧਿਕਾਰਾਂ ਵਿੱਚ ਹੇਠਾਂ ਦਿੱਤੇ ਸ਼ਾਮਲ ਹੁੰਦੇ ਹਨ:

(i) ਤੁਹਾਨੂੰ ਮੰਤਰੀ ਦੁਆਰਾ IPO ਦੁਆਰਾ ਅਤੇ IPAT ਲਈ ਤੁਹਾਡੀ ਅਪੀਲ ਤੇ ਅੰਤਰਰਾਸ਼ਟਰੀ ਸੁਰੱਖਿਆ ਲਈ ਤੁਹਾਡੀ ਅਰਜ਼ੀ ਦੀ ਜਾਂਚ ਦੇ ਉਦੇਸ਼ ਲਈ ਸਟੇਟ (ਆਰਲੈਂਡ) ਵਿੱਚ ਦਾਖਲ ਹੋਣ ਅਤੇ ਰਹਿਣ ਦੀ ਇਜਾਜ਼ਤ ਦੇਵੇਗਾ। ਦੇਖੋ **ਪੈਰਾ 8.1.2.**

(ii) ਜਿੱਥੇ ਜ਼ਰੂਰੀ ਅਤੇ ਸੰਭਵ ਹੋਵੇ, ਉਚਿੱਤ ਸੰਚਾਰ ਨੂੰ ਸੁਨਿਸ਼ਚਿਤ ਬਣਾਉਣ ਲਈ ਇੱਕ ਅਨੁਵਾਦਕ ਲੈਣ ਦਾ, ਤੁਹਾਨੂੰ ਅਧਿਕਾਰ ਹੁੰਦਾ ਹੈ।

(iii) ਤੁਹਾਨੂੰ ਕਾਨੂੰਨੀ ਸਹਾਇਤਾ ਬੋਰਡ ਤੋਂ ਕਾਨੂੰਨੀ ਸੁਝਾਵ ਅਤੇ ਸਹਾਇਤਾ ਪ੍ਰਾਪਤ ਕਰਨ ਦਾ ਹੱਕ ਹੁੰਦਾ ਹੈ। ਵਿਕਲਪਿਕ ਤੌਰ ਤੇ, ਤੁਸੀਂ ਆਪਣੇ ਖਰਚੇ ਤੇ ਨਿੱਜੀ ਕਾਨੂੰਨੀ ਪ੍ਰਤੀਨਿਧੀ ਨੂੰ ਲਿਆ ਸਕਦੇ ਹੋ, ਜੇਕਰ ਤੁਸੀਂ ਚਾਹੁੰਦੇ ਹੋਵੋ।

(iv) ਤੁਸੀਂ UNHCR ਨਾਲ ਸੰਚਾਰ ਕਰਨ ਦੇ ਹੱਕਦਾਰ ਹੁੰਦੇ ਹੋ। ਸੰਪਰਕ ਦੇ ਵੇਰਵਿਆਂ ਨੂੰ **ਅੰਤਕਾ ਵਿੱਚ** ਦੇਖਿਆ ਜਾ ਸਕਦਾ ਹੈ।

(v) ਤੁਸੀਂ ਅਪਣੀ ਅਰਜ਼ੀ ਦੇ ਸੰਬੰਧ ਵਿੱਚ ਮੰਤਰੀ ਕੋਲ ਪੇਸ਼ਕਾਰੀਆਂ ਦੇਣ ਦੇ ਹੱਕਦਾਰ ਹੁੰਦੇ ਹੋ। ਇਹ ਪੇਸ਼ਕਾਰੀਆਂ ਲਿਖਤੀ ਰੂਪ ਵਿੱਚ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

(vi) ਰਿਸੈਪਸ਼ਨ ਅਤੇ ਇੰਟੀਗ੍ਰੇਸ਼ਨ ਏਜੰਸੀ (RIA) ਤੁਹਾਨੂੰ ਰਿਹਾਇਸ਼ ਦੀ ਪੇਸ਼ਕਸ਼ ਕਰ ਸਕਦੀ ਹੈ (ਇੱਕ ਸੰਪੂਰਣ ਬੋਰਡ ਦੇ ਆਧਾਰ ਤੇ) ਜਦੋਂ ਤੁਹਾਡੀ ਸੁਰੱਖਿਆ ਅਰਜ਼ੀ ਤੇ ਪ੍ਰਕਿਰਿਆ ਹੋ ਰਹੀ ਹੋਵੇ। ਇਸ ਪੇਸ਼ਕਸ਼ ਦੀ ਸਵੀਕ੍ਰਿਤੀ ਤੁਹਾਡੇ ਹਾਊਸ ਰੂਲਜ਼ ਦੀ ਪਾਲਣਾ ਦੇ ਆਧਾਰ ਤੇ ਹੋਵੇਗੀ ਜਿਹੜੇ www.ria.ie ਤੇ ਉਪਲਬਧ ਹੁੰਦੇ ਹਨ। RIA ਲਈ ਸੰਪਰਕ ਦੇ ਵੇਰਵਿਆਂ ਨੂੰ **ਅੰਤਕਾ ਵਿੱਚ** ਦੇਖਿਆ ਜਾ ਸਕਦਾ ਹੈ।

(vii) ਤੁਹਾਡੀ ਅਰਜ਼ੀ ਨਾਲ ਸੰਬੰਧਿਤ ਪ੍ਰਦਾਨ ਕੀਤੇ ਗਏ ਸਾਰੇ ਵੇਰਵਿਆਂ ਨੂੰ ਗੁਪਤ ਰੱਖਿਆ ਜਾਏਗਾ। ਹਾਲਾਂਕਿ, ਜਾਣਕਾਰੀ ਨੂੰ ਦੂਜੇ ਜਨਤਕ ਸੰਗਠਨਾਂ ਲਈ ਪ੍ਰਗਟ ਕੀਤਾ ਜਾ ਸਕਦਾ ਹੈ ਜਿਹੜੇ ਤੁਹਾਡੇ ਨਾਲ ਕੰਮ ਕਰ ਰਹੇ ਹੋਣ, ਜਿਵੇਂ ਇਮੀਗ੍ਰੇਸ਼ਨ ਅਧਿਕਾਰੀਆਂ, ਇੱਕ ਗਾਰਡਾ ਸਿਓਚਾਨਾ (ਆਇਰਿਸ਼ ਪੁਲਿਸ) ਅਤੇ ਸਥਾਨਕ ਅਧਿਕਾਰੀਆਂ ਸਮੇਤ ਆਇਰਿਸ਼ ਸਰਕਾਰ ਦੇ ਵਿਭਾਗ ਅਤੇ ਏਜੰਸੀਆਂ। ਇਹ ਵਿਦੇਸ਼ੀ ਨਾਗਰਿਕਾਂ ਦੇ ਸਟੇਟ (ਆਇਰਲੈਂਡ) ਵਿੱਚ ਦਾਖਲੇ ਜਾਂ ਹਟਾਉਣ ਨਾਲ ਸੰਬੰਧਿਤ ਕਾਨੂੰਨ ਦੇ ਪ੍ਰਬੰਧਨ ਸਮੇਤ ਉਨ੍ਹਾਂ ਦੇ ਕਾਰਜਾਂ ਨੂੰ ਕਰਨ ਲਈ ਸੰਸਥਾਵਾਂ ਨੂੰ ਸਮਰੱਥ ਬਣਾਏਗਾ। ਈਯੂ ਡਬਲਿਨ ਰੈਗੂਲੇਸ਼ਨ ਦਾ ਸੰਚਾਲਨ ਕਰਨ ਵਾਲੇ ਦੂਜੇ ਦੇਸ਼ਾਂ ਲਈ ਕੁੱਝ ਜਾਣਕਾਰੀ ਵੀ ਮੁਹੱਈਆ ਕੀਤੀ ਜਾ ਸਕਦੀ ਹੈ।

(viii) ਤੁਹਾਨੂੰ ਤੁਹਾਡੇ ਰਾਹੀਂ ਦਿੱਤੇ ਗਏ ਪਤੇ ਤੇ ਅੰਤਰਰਾਸ਼ਟਰੀ ਸੁਰੱਖਿਆ ਲਈ ਤੁਹਾਡੀ ਅਰਜ਼ੀ ਦੇ ਸੰਬੰਧ ਵਿੱਚ ਕਿਸੇ ਵੀ ਨਿਯੁਕਤੀ, ਇੰਟਰਵਿਊ, ਫੈਸਲਿਆਂ ਜਾਂ ਕਿਸੇ ਦੂਜੇ ਨੋਟਿਸਾਂ ਬਾਰੇ IPO, IPAT ਜਾਂ ਮੰਤਰੀ ਦੁਆਰਾ ਲਿਖਤੀ ਰੂਪ ਵਿੱਚ ਸੂਚਿਤ ਕੀਤਾ ਜਾਏਗਾ।

8.1.2 ਤੁਹਾਡਾ ਅਸਥਾਈ ਰਿਹਾਇਸ਼ੀ ਸਰਟੀਫਿਕੇਟ ਆਮ ਤੌਰ ਤੇ ਉਦੋਂ ਤੱਕ ਵੈਧ ਰਹੇਗਾ ਜਦੋਂ ਤੱਕ ਤੁਹਾਡੇ ਉੱਪਰ ਅੰਤਰਰਾਸ਼ਟਰੀ ਸੁਰੱਖਿਆ ਲਈ ਇੱਕ ਬਿਨੈਕਾਰ ਹੋਣ ਤੇ ਰੋਕ ਨਹੀਂ ਲਗਾਈ ਜਾਂਦੀ, ਉਦਾਹਰਣ ਵਜੋਂ ਉਸ ਸਮੇਂ ਤੇ ਜਦੋਂ ਮੰਤਰੀ ਤੁਹਾਨੂੰ ਇੱਕ ਸ਼ਰਨਾਰਥੀ ਜਾਂ ਸਹਾਇਕ ਸੁਰੱਖਿਆ ਦਾ ਦਰਜਾ ਦੇਣ ਤੋਂ ਮਨ੍ਹਾਂ ਕਰਦਾ ਹੈ ਜਾਂ ਜੇਕਰ ਤੁਹਾਨੂੰ ਈਯੂ ਡਬਲਿਨ ਰੈਗੂਲੇਸ਼ਨ ਅਨੁਸਾਰ ਸਟੇਟ (ਆਇਰਲੈਂਡ) ਤੋਂ ਸਥਾਂਨਤਰਿਤ ਕੀਤਾ ਜਾਂਦਾ ਹੈ।

## 8.2 ਅੰਤਰਰਾਸ਼ਟਰੀ ਸੁਰੱਖਿਆ ਅਰਜ਼ੀ ਪ੍ਰਕਿਰਿਆ ਵਿੱਚ ਮੇਰੇ ਕਿਹੜੇ ਫਰਜ਼ ਹੁੰਦੇ ਹਨ?

8.2.1 ਅੰਤਰਰਾਸ਼ਟਰੀ ਸੁਰੱਖਿਆ ਲਈ ਇੱਕ ਬਿਨੈਕਾਰ ਹੋਣ ਨਾਤੇ ਤੁਹਾਡੇ ਫਰਜ਼ ਹੇਠਾਂ ਦਿੱਤੇ ਅਨੁਸਾਰ ਹਨ:

(i) ਤੁਹਾਨੂੰ ਸਟੇਟ (ਆਇਰਲੈਂਡ) ਦੇ ਕਾਨੂੰਨਾਂ ਅਤੇ ਉਨ੍ਹਾਂ ਕਿਸੇ ਵੀ ਲੋੜਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਜਿਨ੍ਹਾਂ ਨੂੰ ਤੁਹਾਡੇ ਉੱਪਰ ਲਾਗੂ ਕੀਤਾ ਜਾ ਸਕਦਾ ਹੈ।

(ii) ਆਪਣੀ ਅਰਜ਼ੀ ਦੇ ਸਮਰਥਨ ਲਈ ਤੁਹਾਡੇ ਕੋਲ ਪਈ ਸਾਰੀ ਜਾਣਕਾਰੀ ਅਤੇ ਦਸਤਾਵੇਜ਼ਾਂ ਨੂੰ ਦਾਖ਼ਲ ਕਰਨ ਸਮੇਤ, ਆਪਣੀ ਅਰਜ਼ੀ ਦੇ ਸਾਰੇ ਪੱਖਾਂ ਅਤੇ ਕਿਸੇ ਵੀ ਅਪੀਲ ਦੇ ਸੁਦ੍ਰਿੜੀਕਰਣ ਲਈ ਜਾਂਚ ਵਿੱਚ ਪੂਰਾ ਪੂਰਾ ਸਹਿਯੋਗ ਕਰਨਾ ਤੁਹਾਡੀ ਜ਼ਿੰਮੇਵਾਰੀ ਹੈ।

(iii) ਜੇਕਰ ਤੁਸੀਂ ਆਪਣੇ ਪਤੇ ਨੂੰ ਬਦਲਦੇ ਹੋ, ਤਾਂ ਤੁਹਾਨੂੰ **ਤੁਰੰਤ** ਆਪਣੇ ਨਵੇਂ ਪਤੇ ਦੇ ਵੇਰਵਿਆਂ ਨੂੰ **ਲਿਖਤੀ ਰੂਪ ਵਿੱਚ IPO ਨੂੰ ਸੂਚਿਤ** ਕਰਨਾ ਚਾਹੀਦਾ ਹੈ। ਇਹ ਤਾਂ ਵੀ ਲਾਗੂ ਹੁੰਦਾ ਹੈ ਜੇਕਰ ਤੁਹਾਨੂੰ ਰਿਸੈਪਸ਼ਨ ਅਤੇ ਇੰਟੀਗ੍ਰੇਸ਼ਨ ਏਜੰਸੀ (RIA) ਦੁਆਰਾ ਨਵੀਂ ਰਿਹਾਇਸ਼ ਵਿੱਚ ਸਥਾਂਨਤਰਿਤ ਕੀਤਾ ਜਾਂਦਾ ਹੈ। ਅਜਿਹਾ ਨਾ ਕਰਨਾ ਇੱਕ ਅਪਰਾਧ ਹੈ।

(iv) IPO ਜਾਂ IPAT ਨਾਲ ਕਿਸੇ ਵੀ ਪੱਤਰ ਵਿਵਹਾਰ ਵਿੱਚ **ਤੁਹਾਨੂੰ ਸਪੱਸ਼ਟ ਰੂਪ ਵਿੱਚ ਆਪਣਾ ਨਾਮ, ਪਤਾ, ਨਾਗਰਿਕਤਾ ਅਤੇ ਉਹ ਵਿਅਕਤੀਗਤ ID ਨੰਬਰ ਦਰਸਾਉਣਾ** ਚਾਹੀਦਾ ਹੈ ਜੋ ਤੁਹਾਡੇ ਅਸਥਾਈ ਨਾਗਰਿਕ ਸਰਟੀਫਿਕੇਟ ਤੇ ਦਰਸਾਇਆ ਹੋਵੇ।

(v) **ਜਦੋਂ ਤੁਹਾਡੀ ਅਰਜ਼ੀ ਵਿਚਾਰਾਧੀਨ ਹੋਵੇ, ਉਸ ਵੇਲੇ ਤੁਹਾਨੂੰ ਮੰਤਰੀ ਦੀ ਇਜਾਜ਼ਤ ਤੋਂ ਬਿਨਾਂ ਸਟੇਟ (ਆਇਰਲੈਂਡ)** ਨੂੰ ਛੱਡਣਾ ਨਹੀਂ ਚਾਹੀਦਾ ਜਾਂ ਛੱਡਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਮੰਤਰੀ ਦੀ ਇਜਾਜ਼ਤ ਤੋਂ ਬਿਨਾਂ ਸਟੇਟ (ਆਇਰਲੈਂਡ) ਨੂੰ ਛੱਡਣਾ ਇੱਕ **ਅਪਰਾਧ** ਹੈ।

(vi) **ਤੁਹਾਨੂੰ ਕੋਈ ਵੀ ਰੋਜ਼ਗਾਰ ਲੱਭਣ, ਇਸ ਵਿੱਚ ਦਾਖਲ ਹੋਣ ਜਾਂ ਇਹ ਕਰਨ ਜਾਂ ਕਿਸੇ ਵੀ ਕਾਰੋਬਾਰ, ਵਪਾਰ ਜਾਂ ਕਿੱਤੇ ਵਿੱਚ ਲਾਭ ਲੈਣ ਲਈ ਵਿਅਸਤ ਹੋਣ ਦਾ ਅਧਿਕਾਰ ਨਹੀਂ ਹੁੰਦਾ**। ਕਿਸੇ ਵੀ ਰੋਜ਼ਗਾਰ ਜਾਂ ਬਿਜ਼ਨੈਸ ਨਾਲ ਜੁੜਨਾ ਇੱਕ **ਜੁਰਮ** ਹੈ।

(vii) ਤੁਹਾਨੂੰ ਜਾਂ ਤੁਹਾਡੇ ਕਾਨੂੰਨੀ ਪ੍ਰਤੀਨਿਧੀ ਨੂੰ IPO ਅਤੇ IPAT ਦੁਆਰਾ ਤੁਹਾਨੂੰ ਪ੍ਰਦਾਨ ਕੀਤੇ ਗਏ **ਦਸਤਾਵੇਜ਼ਾਂ ਦੀਆਂ ਸਾਰੀਆਂ ਪ੍ਰਤੀਲਿੱਪੀਆਂ ਨੂੰ ਰੱਖਣਾ** ਚਾਹੀਦਾ ਹੈ।

(viii) ਤੁਹਾਨੂੰ ਇੱਕ ਨਿਰਧਾਰਿਤ ਜ਼ਿਲ੍ਹੇ ਜਾਂ ਸਟੇਟ (ਆਇਰਲੈਂਡ) **ਵਿੱਚ ਸਥਾਨ ਤੇ ਰਹਿਣ ਜਾਂ ਠਹਿਰਨ ਦੀ ਲੋੜ ਪੈ ਸਕਦੀ ਹੈ**। ਅਜਿਹਾ ਨਾ ਕਰਨਾ ਇੱਕ **ਅਪਰਾਧ** ਹੈ।

(ix) **ਤੁਹਾਨੂੰ ਨਿਰਧਾਰਿਤ ਅੰਤਰਾਲਾਂ ਤੇ** ਇੱਕ ਇਮੀਗ੍ਰੇਸ਼ਨ ਅਧਿਕਾਰੀ, ਜਾਂ ਇੱਕ ਵਿਸ਼ੇਸ਼ ਗਾਰਡਾ ਸਿਓਚਾਨਾ (ਆਇਰਿਸ਼ ਪੁਲਿਸ) ਸਟੇਸ਼ਨ ਨੂੰ ਰਿਪੋਰਟ ਕਰਨ ਦੀ ਲੋੜ ਪੈ ਸਕਦੀ ਹੈ। ਅਜਿਹਾ ਨਾ ਕਰਨਾ ਇੱਕ **ਅਪਰਾਧ** ਹੈ।

(x) ਤੁਹਾਨੂੰ ਆਪਣੀ ਅਰਜ਼ੀ ਦੇ ਸੰਬੰਧ ਵਿੱਚ ਹਰ ਸਮੇਂ ਪ੍ਰਦਾਨ ਕੀਤੀ ਜਾਣ ਵਾਲੀ ਜਾਣਕਾਰੀ ਵਿੱਚ **ਇਮਾਨਦਾਰ** ਰਹਿਣਾ ਚਾਹੀਦਾ ਹੈ ਅਤੇ ਅਜਿਹਾ ਨਾ ਕਰਨਾ ਇੱਕ **ਅਪਰਾਧ** ਹੈ।

(xi) ਤੁਹਾਨੂੰ ਆਪਣੀ ਪ੍ਰਸ਼ਨਾਵਲੀ ਵਿੱਚ ਉਹ ਕੋਈ ਵੀ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ ਜੋ ਤੁਹਾਡੇ ਕੋਲ ਹੋਵੇ ਜਿਹੜੀ ਮੰਤਰੀ ਦੇ ਫੈਸਲੇ ਦੇ ਅਨੁਕੂਲ ਹੋਵੇ ਕਿ ਕੀ ਬਣੇ ਰਹਿਣ ਲਈ ਕੀ ਤੁਹਾਨੂੰ ਸਵੀਕ੍ਰਿਤੀ ਪ੍ਰਦਾਨ ਕਰਨੀ ਹੈ ਜਾਂ ਨਹੀਂ। ਤੁਸੀਂ ਉਹ ਕੋਈ ਵੀ ਜਾਣਕਾਰੀ ਵੀ ਦਾਖਲ ਕਰ ਸਕਦੇ ਹੋ ਜੋ ਮੰਤਰੀ ਦੇ ਫੈਸਲੇ ਦੇ ਅਨੁਰੂਪ ਹੋਵੇ ਕਿ ਕੀ ਤੁਹਾਡੀ ਅਰਜ਼ੀ ਤਿਆਰ ਕਰਨ ਅਤੇ ਤੁਹਾਡੀ ਸੁਰੱਖਿਆ ਅਰਜ਼ੀ ਦੀ ਜਾਂਚ ਦੇ ਸੰਬੰਧ ਵਿੱਚ ਰਿਪੋਰਟ ਤਿਆਰ ਕਰਨ ਵਿਚਕਾਰ ਦੀ ਅਵਧੀ ਦੌਰਾਨ ਤੁਹਾਡੇ ਰਹਿਣ ਲਈ ਤੁਹਾਨੂੰ ਸਵੀਕ੍ਰਿਤੀ ਪ੍ਰਦਾਨ ਕਰਨੀ ਹੈ ਜਾਂ ਨਹੀਂ। ਤੁਹਾਨੂੰ ਪ੍ਰਸਥਿਤੀਆਂ ਦੇ ਕਿਸੇ ਬਦਲਾਵ ਲਈ ਵੀ ਮੰਤਰੀ ਨੂੰ ਸੂਚਿਤ ਕਰਨਾ ਚਾਹੀਦਾ ਹੈ ਜੋ ਇਸ ਮਾਮਲੇ ਤੇ ਮੰਤਰੀ ਦੇ ਫੈਸਲੇ ਅਨੁਸਾਰ ਤੁਰੰਤ ਅਨੁਕੂਲ ਹੋ ਸਕਦਾ ਹੈ। ਬਣੇ ਰਹਿਣ ਲਈ ਸਵੀਕ੍ਰਿਤੀ ਤੇ ਜਾਣਕਾਰੀ ਨੂੰ **ਸੈਕਸ਼ਨ 13** ਵਿੱਚੋਂ ਲੱਭਿਆ ਜਾ ਸਕਦਾ ਹੈ।

(xii) ਜਿੰਨੀ ਜਲਦੀ ਵਿਵਹਾਰਿਕ ਰੂਪ ਵਿੱਚ ਸੰਭਵ ਹੋਵੇ, ਤੁਹਾਨੂੰ IPO ਜਾਂ IPAT ਲਈ ਉਹ ਕੋਈ ਵੀ ਢੁਕਵੀਂ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ ਜੋ ਤੁਹਾਡੇ ਕਬਜੇ, ਕੰਟਰੋਲ ਜਾਂ ਪ੍ਰਾਪਤੀ ਵਿੱਚ ਉਪਲਬਧ ਹੁੰਦੀ ਹੈ।

**<u>ਮਹੱਤਵਪੂਰਣ</u>**

**8.2.2** ਜਿੰਨੀ ਜਲਦੀ ਸੰਭਵ ਹੋਵੇ, ਤੁਹਾਨੂੰ IPO ਜਾਂ IPAT (ਜਿਵੇਂ ਉਚਿੱਤ ਹੋਵੇ) **ਲਈ ਆਪਣੇ ਕਾਨੂੰਨੀ ਪ੍ਰਤੀਨਿਧੀ (ਨਾਮ, ਪਤਾ, ਫੋਨ ਨੰਬਰ ਆਦਿ) ਅਤੇ ਕਾਨੂੰਨੀ ਪ੍ਰਤੀਨਿਧੀ ਦੇ ਕਿਸੇ ਵੀ ਬਦਲਾਵ ਨੂੰ ਪ੍ਰਦਾਨ ਕਰਨਾ ਚਾਹੀਦਾ ਹੈ**। ਅਜਿਹਾ ਨਾ ਕਰਨਾ ਅੰਤਰਰਾਸ਼ਟਰੀ ਸੁਰੱਖਿਆ ਲਈ ਤੁਹਾਡੀ ਅਰਜ਼ੀ ਦੇ ਸੰਬੰਧ ਵਿੱਚ ਸੰਚਾਰ ਅਤੇ ਫੈਸਲਿਆਂ ਤੇ ਤੁਹਾਡੇ ਕਾਨੂੰਨੀ ਪ੍ਰਤੀਨਿਧੀ ਤੋਂ ਸੁਝਾਵ ਅਤੇ ਸਹਾਇਤਾ ਪ੍ਰਾਪਤ ਕਰਨ ਦੀ ਤੁਹਾਡੀ ਯੋਗਤਾ ਤੇ ਪੱਖਪਾਤ ਕਰ ਸਕਦਾ ਹੈ।

# ਸੈਕਸ਼ਨ 9
# ਇਕੱਲੇ ਬੱਚੇ

## 9.1 ਕੀ ਹੁੰਦਾ ਹੈ ਜੇਕਰ ਮੈਂ ਇੱਕ ਇਕੱਲੇ ਬੱਚੇ ਵਜੋਂ ਅੰਤਰਰਾਸ਼ਟਰੀ ਸੁਰੱਖਿਆ ਲਈ ਅਪਲਾਈ ਕਰਦਾ ਹਾਂ?

9.1.1 aਜਿੱਥੇ ਤੁਹਾਨੂੰ ਇੱਕ ਬੱਚਾ (18 ਸਾਲ ਦੀ ਉਮਰ ਤੋਂ ਘੱਟ) ਸਮਝਿਆ ਜਾਂਦਾ ਹੇ, ਅਤੇ ਤੁਹਾਡੇ ਨਾਲ ਇੱਕ ਬਾਲਗ ਨਹੀਂ ਹੁੰਦਾ ਹੈ ਜਿਹੜਾ ਤੁਹਾਡੀ ਦੇਖਭਾਲ ਅਤੇ ਸੁੱਰਖਿਆ ਲਈ ਜਿੰਮੇਵਾਰੀ ਨਹੀਂ ਲੈਂਦਾ ਹੈ, ਤੁਹਾਨੂੰ TUSLA – ਬਾਲ ਅਤੇ ਪਰਿਵਾਰ ਏਜੰਸੀ ਕੋਲ ਰੈਫ਼ਰ ਕੀਤਾ ਜਾਏਗਾ।

9.1.2 ਤੁਹਾਨੂੰ IPO ਦੁਆਰਾ ਸੰਚਾਲਿਤ ਇੱਕ ਉਮਰ ਮੁਲਾਂਕਣ ਇੰਟਰਵਿਊ ਵਿੱਚੋਂ ਗੁਜ਼ਰਨ ਦੀ ਜ਼ਰੂਰਤ ਹੋ ਸਕਦੀ ਹੈ। ਉਮਰ ਮੁਲਾਂਕਣ ਇੰਟਰਵਿਊ ਨੂੰ ਤੁਹਾਡੇ ਯਾਤਰਾ ਪ੍ਰਬੰਧਾਂ, ਤੁਹਾਡੇ ਮਾਤਾ-ਪਿਤਾ ਦੇ ਪਤੇ, ਤੁਹਾਡੀ ਸਿੱਖਿਆ ਮਿਆਰ ਅਤੇ ਪ੍ਰੋੜਤਾ ਦੇ ਲੈਵਲ ਬਾਰੇ ਕੁੱਝ ਮੁਢਲੇ ਤੱਥ ਸਥਾਪਿਤ ਕਰਨ ਲਈ ਡਿਜਾਇਨ ਕੀਤਾ ਗਿਆ ਹੈ। ਇੰਟਰਵਿਊ ਦਾ ਸੰਚਾਲਨ ਕਰਨ **ਵਾਲਾ ਅਧਿਕਾਰੀ TUSLA – ਬਾਲ ਅਤੇ ਪਰਿਵਾਰ ਏਜੰਸੀ ਦੀ ਸਹਾਇਤਾ** ਨਾਲ ਫਿਰ ਇਹ ਫੈਸਲਾ ਕਰੇਗਾ ਕਿ ਕੀ ਉਹ ਸਮਝਦੇ ਹਨ ਕਿ ਤੁਹਾਡੀ ਉਮਰ 18 ਸਾਲ ਤੋਂ ਘੱਟ ਹੈ ਜੇਕਰ ਲੋੜ ਪਏ।

9.1.3 ਜੇਕਰ ਤੁਹਾਨੂੰ TUSLA – ਬਾਲ ਅਤੇ ਪਰਿਵਾਰ ਏਜੰਸੀ ਕੋਲ ਰੈਫਰ ਕੀਤਾ ਜਾਂਦਾ ਹੈ, ਉਹ ਏਜੰਸੀ ਤੁਹਾਡੇ ਲਈ ਜਿੰਮੇਵਾਰੀ ਲਏਗੀ ਅਤੇ ਫੈਸਲਾ ਕਰੇਗੀ ਕਿ ਕੀ ਅੰਤਰਰਾਸ਼ਟਰੀ ਸੁਰੱਖਿਆ ਲਈ ਇੱਕ ਅਰਜ਼ੀ ਤਿਆਰ ਕਰਨਾ ਤੁਹਾਡੇ ਹਿੱਤ ਵਿਚ ਹੈ ਜਾਂ ਕੀ ਦੂਜੇ ਵਿਕਲਪ ਲਾਗੂ ਹੋ ਸਕਦੇ ਹਨ ਜਿਵੇਂ ਪਰਿਵਾਰ ਪੁਨਰਮਿਲਨ ਜਾਂ ਪਰਿਵਾਰ ਦਾ ਪਤਾ ਲਗਾਉਣਾ।

## 9.2 ਕੀ ਪ੍ਰਕਿਰਿਆ ਹੈ ਜੇਕਰ TUSLA – ਬਾਲ ਅਤੇ ਪਰਿਵਾਰ ਏਜੰਸੀ ਮੇਰੇ ਲਈ ਅੰਤਰਰਾਸ਼ਟਰੀ ਸੁਰੱਖਿਆ ਲਈ ਇੱਕ ਅਰਜ਼ੀ ਦਿੰਦੀ ਹੈ?

9.2.1 ਜੇਕਰ TUSLA – ਬਾਲ ਅਤੇ ਪਰਿਵਾਰ ਏਜੰਸੀ ਇਸ ਕੋਲ ਉਪਲਬਧ ਕਾਨੂੰਨੀ ਸੁਝਾਵ ਸਮੇਤ ਜਾਣਕਾਰੀ ਦੇ ਆਧਾਰ ਤੇ ਇਹ ਸਮਝਦੀ ਹੈ ਕਿ ਤੁਹਾਡੇ ਆਧਾਰ ਤੇ ਅੰਤਰਰਾਸ਼ਟਰੀ ਸੁਰੱਖਿਆ ਲਈ ਇੱਕ ਅਰਜ਼ੀ ਤਿਆਰ ਕਰਨਾ ਤੁਹਾਡੇ ਹਿੱਤ ਵਿੱਚ ਹੈ, ਤਾਂ ਇਹ TUSLA – ਬਾਲ ਅਤੇ ਪਰਿਵਾਰ ਏਜੰਸੀ ਦੇ ਇੱਕ ਕਰਮਚਾਰੀ, ਜਾਂ ਅਜਿਹੇ ਕਿਸੇ ਵਿਅਕਤੀ ਨੂੰ ਜਿਵੇਂ ਇਹ ਸੁਨਿਸ਼ਚਿਤ ਕਰ ਸਕਦੀ ਹੋਵੇ ਨਿਯੁਕਤ ਕਰਨ ਦਾ ਪ੍ਰਬੰਧ ਕਰੇਗੀ ਇੱਕ ਅਜਿਹੀ ਅਰਜ਼ੀ ਤਿਆਰ ਕਰਨ ਲਈ ਅਤੇ ਇੰਟਰਵਿਊ ਅਤੇ ਜਾਂਚ ਪ੍ਰਕਿਰਿਆ ਤੇ ਪੇਸ਼ਕਾਰੀ ਅਤੇ ਸਹਾਇਤਾ ਕਰਨ ਲਈ।

## 9.3 ਕਾਨੂੰਨੀ ਸਹਾਇਤਾ ਬੋਰਡ ਲਈ 18 ਸਾਲ ਤੋਂ ਘੱਟ ਉਮਰ ਦੇ ਇੱਕ ਬੱਚੇ ਨੂੰ ਰੈਫ਼ਰ ਕਰਨ ਦੀ ਕਿਹੜੀ ਵਿਧੀ ਹੈ?

9.3.1 TUSLA – ਬਾਲ ਅਤੇ ਪਰਿਵਾਰ ਏਜੰਸੀ ਤੁਹਾਡੇ ਲਈ ਕਾਨੂੰਨੀ ਪੇਸ਼ਕਾਰੀ ਦਾ ਪ੍ਰਬੰਧਨ ਕਰਨ ਲਈ LAB ਨਾਲ ਸੰਪਰਕ ਕਰ ਸਕਦੀ ਹੈ। ਤੁਹਾਡੇ ਨਾਲ ਤੁਹਾਡੀ ਇੰਟਰਵਿਊ ਤੇ ਜਾਣ ਲਈ TUSLA – ਬਾਲ ਅਤੇ ਪਰਿਵਾਰ ਏਜੰਸੀ ਨਾਲ ਵਿਸ਼ੇਸ਼ ਪ੍ਰਬੰਧ ਕੀਤੇ ਜਾਣਗੇ।

# ਸੈਕਸ਼ਨ 10
# ਈਯੂ ਡਬਲਿਨ ਰੈਗੂਲੇਸ਼ਨ

## 10.1 ਈਯੂ ਡਬਲਿਨ ਰੈਗੂਲੇਸ਼ਨ ਕੀ ਹੈ?

10.1.1 ਈਯੂ ਡਬਲਿਨ ਰੈਗੂਲੇਸ਼ਨ ਇੱਕ ਤੀਜੇ ਦੇਸ਼ ਦੇ ਨਾਗਰਿਕ ਜਾਂ ਇੱਕ ਦੇਸ਼ਰਹਿਤ ਵਿਅਕਤੀ ਦੁਆਰਾ ਭਾਗ ਲੈਣ ਵਾਲੇ ਦੇਸ਼ਾਂ ਵਿੱਚੋਂ ਕਿਸੇ ਇੱਕ ਵਿੱਚ ਅੰਤਰਰਾਸ਼ਟਰੀ ਸੁਰੱਖਿਆ ਲਈ ਇੱਕ ਅਰਜ਼ੀ ਦੀ ਜਾਂਚ ਲਈ ਜ਼ਿੰਮੇਵਾਰ ਦੇਸ਼ ਦੇ ਸੁਦ੍ਰਿੜੀਕਰਣ ਲਈ ਸਿਧਾਂਤ ਅਤੇ ਪ੍ਰਕਿਰਿਆਵਾਂ ਨੂੰ ਸਥਾਪਿਤ ਕਰਨ ਲਈ ਕਾਨੂੰਨੀ ਆਧਾਰ ਅਤੇ ਪ੍ਰਕਿਰਿਆਤਮਿਕ ਨਿਯਮ ਪ੍ਰਦਾਨ ਕਰਦਾ ਹੈ।

10.1.2 ਜਦੋਂ ਤੁਸੀਂ IPO ਕੋਲ ਅੰਤਰਰਾਸ਼ਟਰੀ ਸੁਰੱਖਿਆ ਲਈ ਇੱਕ ਅਰਜ਼ੀ ਤਿਆਰ ਕਰਦੇ ਹੋ, ਤਾਂ ਤੁਹਾਨੂੰ ਡਬਲਿਨ ਪ੍ਰਕਿਰਿਆ ਤੇ ਹੋਰ ਜਾਣਕਾਰੀ ਮੁਹੱਈਆ ਕੀਤੀ ਜਾਏਗੀ।

10.1.3 ਜੇਕਰ ਤੁਸੀਂ ਈਯੂ ਡਬਲਿਨ ਰੈਗੂਲੇਸ਼ਨ ਦੇ ਪ੍ਰਾਵਧਾਨਾਂ ਤਹਿਤ ਆਉਂਦੇ ਹੋ ਤਾਂ ਤੁਹਾਨੂੰ ਉੱਥੋਂ ਅੰਤਰਰਾਸ਼ਟਰੀ ਸੁਰੱਖਿਆ ਅਰਜ਼ੀ ਦੀ ਜਾਂਚ ਕਰਵਾਉਣ ਲਈ ਦੂਜੇ ਭਾਗ ਲੈਣ ਵਾਲੇ ਸਟੇਟ ਵਿੱਚ ਰੈਫ਼ਰ ਕੀਤਾ ਜਾ ਸਕਦਾ ਹੈ।

# ਸੈਕਸ਼ਨ 11
# ਸਵੈ-ਇਛੁੱਕ ਵਾਪਸੀ ਦੇ ਵਿਕਲਪ

## 11.1 ਕੀ ਮੇਰੇ ਕੋਲ ਆਪਣੇ ਮੂਲ ਦੇਸ਼/ ਆਦਤਨ ਨਿਵਾਸ ਦੇ ਪਿਛਲੇ ਦੇਸ਼ ਲਈ ਸਵੈਇੱਛੁਕ ਵਾਪਸੀ ਦਾ ਵਿਕਲਪ ਹੁੰਦਾ ਹੈ?

11.1.1 ਅੰਤਰਰਾਸ਼ਟਰੀ ਸੁਰੱਖਿਆ ਲਈ ਤੁਹਾਡੀ ਅਰਜ਼ੀ ਦੀ ਜਾਂਚ ਦੌਰਾਨ ਜਾਂ ਤੁਹਾਡੀ ਅਰਜ਼ੀ ਦੇ ਮਨ੍ਹਾਂ ਕਰਨ ਤੋਂ ਬਾਅਦ ਸਵੈਇਛੁੱਕ ਤੌਰ ਤੇ ਆਪਣੇ ਮੂਲ ਦੇਸ਼/ਪੁਰਾਣੀ ਆਦਤਨ ਰਿਹਾਇਸ਼ ਦੇ ਦੇਸ਼ ਨੂੰ ਕਿਸੇ ਵੀ ਸਮੇਂ ਵਾਪਸ ਪਰਤਣ ਦਾ ਵਿਕਲਪ ਖੁੱਲ੍ਹਾ ਹੈ। ਜੇਕਰ ਤੁਹਾਡੀ ਸੁਰੱਖਿਆ ਅਰਜ਼ੀ ਨੂੰ ਵਾਪਸ ਲਿਆ ਜਾਂਦਾ ਹੈ, ਤਾਂ ਉਸ ਸਟੇਜ਼ ਤੇ ਤੁਹਾਡੇ ਕੋਲ ਆਪਣੇ ਮੂਲ ਦੇਸ਼/ ਪੁਰਾਣੇ ਆਦਤਨ ਰਿਹਾਇਸ਼ ਦੇ ਦੇਸ਼ ਵਿੱਚ ਸਵੈ ਇੱਛਾ ਨਾਲ ਪਰਤਣ ਦਾ ਇੱਕ ਵਿਕਲਪ ਹੋਵੇਗਾ।

11.1.2 ਜੇਕਰ ਮੰਤਰੀ ਅੰਤਰਰਾਸ਼ਟਰੀ ਸੁਰੱਖਿਆ ਲਈ ਤੁਹਾਡੀ ਅਰਜ਼ੀ ਤੇ ਮਨ੍ਹਾਂ ਕਰਨ ਬਾਰੇ ਤੁਹਾਨੂੰ ਆਪਣੇ ਫੈਸਲੇ ਬਾਰੇ ਸੂਚਿਤ ਕਰਦਾ ਹੈ ਤਾਂ ਤੁਹਾਨੂੰ ਵਿਸ਼ੇਸ਼ ਤੌਰ ਤੇ ਆਪਣੇ ਮੂਲ ਦੇਸ਼/ ਪੁਰਾਣੀ ਆਦਤਨ ਰਿਹਾਇਸ਼ ਦੇ ਦੇਸ਼ ਵਿੱਚ ਸਵੈ ਇੱਛਾ ਨਾਲ ਪਰਤਣ ਦੇ ਵਿਕਲਪ ਬਾਰੇ ਦੱਸਿਆ ਜਾਏਗਾ। ਉਸ ਸਟੇਜ਼ ਤੇ ਇਸ ਵਿਕਲਪ ਤੋਂ ਲਾਭ ਪ੍ਰਾਪਤ ਕਰਨ ਲਈ, ਤੁਹਾਨੂੰ ਮੰਤਰੀ ਦੇ ਨੋਟੀਫਿਕੇਸ਼ਨ ਦੀ ਮਿਤੀ ਤੋਂ ਪੰਜ ਦਿਨਾਂ ਦੇ ਅੰਦਰ ਅੰਦਰ ਲਿਖਤੀ ਰੂਪ ਵਿੱਚ ਮੰਤਰੀ ਨੂੰ ਸੂਚਿਤ ਕਰਨਾ ਚਾਹੀਦਾ ਹੈ। ਤੁਹਾਡੇ ਫੈਸਲੇ ਦਾ ਪੱਤਰ ਤੁਹਾਨੂੰ ਉਹ ਵੇਰਵੇ ਪ੍ਰਦਾਨ ਕਰੇਗਾ ਕਿ ਤੁਹਾਨੂੰ ਆਪਣੇ ਮੂਲ ਦੇਸ਼/ ਪੁਰਾਣੇ ਆਦਤਨ ਰਿਹਾਇਸ਼ ਦੇਸ਼ ਪਰਤਣ ਲਈ ਆਪਣੀ ਸਵੈ-ਇਛੁੱਕ ਵਾਪਸੀ ਨੂੰ ਵਿਵਸਥਿਤ ਕਰਨ ਲਈ ਕਿਸ ਨਾਲ ਸੰਪਰਕ ਕਰਨਾ ਚਾਹੀਦਾ ਹੈ।

11.1.3 ਜੇਕਰ ਤੁਸੀਂ ਆਪਣੇ ਮੂਲ ਦੇਸ਼/ ਪੁਰਾਣੀ ਆਦਤਨ ਰਿਹਾਇਸ਼ ਵਾਲੇ ਦੇਸ਼ ਨੂੰ ਸਵੈ-ਇੱਛਾ ਨਾਲ ਪਰਤਣ ਦਾ ਫੈਸਲਾ ਕਰਦੇ ਹੋ, ਤਾਂ ਤੁਸੀਂ ਮਾਈਗ੍ਰੇਸ਼ਨ ਲਈ ਇੰਟਰਨੈਸ਼ਨਲ ਆਰਗੈਨਾਈਜੇਸ਼ਨ (IOM) ਤੋਂ ਸੁਝਾਵ ਅਤੇ ਸਹਾਇਤਾ ਪ੍ਰਾਪਤ ਕਰਨ ਦੇ ਯੋਗ ਹੋਵੋਗੇ। ਕਿਰਪਾ ਕਰਕੇ ਸੰਪਰਕ ਕਰਨ ਦੇ ਵੇਰਵਿਆਂ **ਲਈ ਅੰਤਕਾ** ਨੂੰ ਦੇਖੋ।

11.1.4 IOM ਤੁਹਾਡੀ ਯਾਤਰਾ ਦੇ ਜਰੂਰੀ ਦਸਤਾਵੇਜਾਂ ਨੂੰ ਲੈਣ ਦੇ ਨਾਲ ਨਾਲ ਆਇਰਲੈਂਡ ਤੋਂ ਤੁਹਾਡੇ ਮੂਲ ਦੇਸ਼ ਤੱਕ ਤੁਹਾਡੇ ਯਾਤਰਾ ਦੇ ਵਿੱਤੀ ਖਰਚਿਆਂ ਨੂੰ ਕਵਰ ਕਰਨ ਲਈ ਤੁਹਾਡੀ ਸਹਾਇਤਾ ਕਰ ਸਕਦਾ ਹੈ। ਇਸ ਤੋਂ ਇਲਾਵਾ, ਇੱਕ ਆਮਦਨ ਪੈਦਾ ਕਰਨ ਵਾਲੀ ਗਤੀਵਿਧੀ ਦੇ ਖਰਚਿਆਂ ਨੂੰ ਕਵਰ ਕਰਨ ਵਿੱਚ ਮਦਦ ਕਰਨ ਲਈ ਸਾਰੇ ਵਾਪਸ ਪਰਤਣ ਵਾਲਿਆਂ ਲਈ ਇੱਕ ਛੋਟੀ ਇੰਟੀਗ੍ਰੇਸ਼ਨ ਗ੍ਰਾਂਟ ਉਪਲਬਧ ਹੁੰਦੀ ਹੈ, ਜਿਵੇਂ ਕਿ ਸਿੱਖਿਆ, ਪ੍ਰੋਫੈਸ਼ਨਲ ਟ੍ਰੇਨਿੰਗ ਅਤੇ/ਜਾਂ ਬਿਜ਼ਨੈਸ ਸੈਟ-ਅੱਪ।

11.1.5 ਜੇਕਰ ਤੁਸੀਂ ਸਵੈ-ਇੱਛਾ ਨਾਲ ਆਪਣੇ ਮੂਲ ਦੇਸ਼/ ਪੁਰਾਣੇ ਆਦਤਨ ਰਿਹਾਇਸ਼ ਦੇ ਦੇਸ਼ ਵਿੱਚ ਵਾਪਸ ਪਰਤਣ ਦੇ ਵਿਕਲਪ ਦੀ ਪਾਲਣਾ ਨਾ ਕਰਨ ਦੀ ਚੋਣ ਕਰਦੇ ਹੋ, ਤਾਂ ਮੰਤਰੀ ਤੁਹਾਡੇ ਖਿਲਾਫ਼ ਇੱਕ ਦੇਸ਼ ਨਿਕਾਲਾ ਹੁਕਮ ਜਾਰੀ ਕਰੇਗਾ ਅਤੇ ਤੁਹਾਨੂੰ ਸਟੇਟ (ਆਇਰਲੈਂਡ) ਤੋਂ ਨਿਕਾਲਣ ਲਈ ਪ੍ਰਬੰਧ ਕੀਤੇ ਜਾਣਗੇ। ਜੇਕਰ ਤੁਸੀਂ ਦੇਸ਼ ਨਿਕਾਲੇ ਦੇ ਹੁਕਮ ਦੀ ਪਾਲਣਾ ਨਹੀਂ ਕਰਦੇ ਹੋ, ਤਾਂ ਤੁਹਾਡੇ ਕੋਲ ਸਟੇਟ (ਆਇਰਲੈਂਡ) ਵਿੱਚ ਰਹਿਣ ਦਾ ਕੋਈ ਵੀ ਕਾਨੂੰਨੀ ਅਧਿਕਾਰ ਨਹੀਂ ਹੋਵੇਗਾ।

11.1.6 ਨਿਆਂ ਅਤੇ ਬਰਾਬਰਤਾ ਦਾ ਵਿਭਾਗ ਵੀ ਸਿੱਧਿਆਂ ਉਨ੍ਹਾਂ ਵਿਅਕਤੀਆਂ ਦੀ ਪ੍ਰਸ਼ਾਸ਼ਨਿਕ ਅਤੇ ਦੂਜੇ ਸਮਰਥਨ ਪ੍ਰਦਾਨ ਕਰਨ ਦੁਆਰਾ ਮਦਦ ਕਰਦਾ ਹੈ ਜੋ ਸਵੈ ਇੱਛਾ ਨਾਲ ਆਪਣੇ ਮੂਲ ਦੇਸ਼ / ਪੁਰਾਣੀ ਆਦਤਨ ਦੀ ਰਿਹਾਇਸ਼ ਦੇ ਦੇਸ਼ ਪਰਤਣ ਦੀ ਇੱਛਾ ਰੱਖਦੇ ਹੋਣ ਜਿਹੜੇ ਸਹਾਇਤਾ ਲਈ ਬੇਨਤੀ ਕਰਦੇ ਹਨ।

11.1.7 ਆਪਣੇ ਮੂਲ ਦੇਸ਼/ ਪੁਰਾਣੀ ਆਦਤਨ ਰਿਹਾਇਸ਼ ਦੇ ਦੇਸ਼ ਨੂੰ ਸਵੈ ਇੱਛਾ ਨਾਲ ਵਾਪਸ ਪਰਤਣ ਦੇ ਵਿਕਲਪ ਨੂੰ ਪ੍ਰਾਪਤ ਕਰਨ ਦਾ ਲਾਭ ਹੈ ਕਿ ਅਜਿਹਾ ਪ੍ਰਬੰਧ ਤੁਹਾਨੂੰ ਇੱਕ ਭਵਿੱਖ ਦੀ ਮਿਤੀ ਵਿੱਚ ਸਟੇਟ (ਆਇਰਲੈਂਡ) ਵਿੱਚ ਪਰਤਣ ਦੇ ਯੋਗ ਬਣਾਉਂਦਾ ਹੈ ਜੇਕਰ ਤੁਸੀਂ ਅਜਿਹਾ ਕਰਨ ਲਈ ਇੱਕ ਕਾਨੂੰਨੀ ਆਧਾਰ ਸਥਾਪਿਤ ਕਰਦੇ ਹੋ। ਦੂਜੇ ਪਾਸੇ, ਇੱਕ ਵਿਅਕਤੀ ਜਿਸ ਨੂੰ ਦੇਸ਼ ਨਿਕਾਲੇ ਦਾ ਹੁਕਮ ਦਿੱਤਾ ਹੁੰਦਾ ਹੈ ਉਸ ਨੂੰ ਕਾਨੂੰਨੀ ਤੌਰ ਤੇ ਦੇਸ਼ (ਆਇਰਲੈਂਡ) ਨੂੰ ਛੱਡਣ ਦੀ ਲੋੜ ਹੁੰਦੀ ਹੈ ਅਤੇ ਸਟੇਟ (ਆਇਰਲੈਂਡ) ਵਿੱਚੋਂ ਬਾਹਰ ਰਹਿਣ ਦੀ (ਜਦੋਂ ਤੱਕ ਬਾਅਦ ਵਿੱਚ ਦੇਸ਼ ਨਿਕਾਲੇ ਦੇ ਆਰਡਰ ਨੂੰ ਰੱਦ ਨਹੀਂ ਕੀਤਾ ਜਾਂਦਾ)।

# ਸੈਕਸ਼ਨ 12
# ਹੋਰ ਜਾਣਕਾਰੀ

## 12.1. ਅੰਤਰਰਾਸ਼ਟਰੀ ਸੁਰੱਖਿਆ ਲਈ ਅਰਜ਼ੀਆਂ ਦੀ ਪ੍ਰਾਥਮਿਕਤਾ ਲਈ ਕੀ ਪ੍ਰਕਿਰਿਆਵਾਂ ਹੁੰਦੀਆਂ ਹਨ?

12.1.1 ਅੰਤਰਰਾਸ਼ਟਰੀ ਸੁਰੱਖਿਆ ਲਈ ਕਿਸੇ ਵੀ ਅਰਜ਼ੀ ਨੂੰ ਪਹਿਲ ਦੇ ਸਕਦਾ ਹੈ ਜਿੱਥੇ ਅੰਤਰਰਾਸ਼ਟਰੀ ਸੁਰੱਖਿਆ ਲਈ ਅਜਿਹੀਆਂ ਅਰਜ਼ੀਆਂ ਨਾਲ ਨਿਪਟਣ ਲਈ ਉਚਿੱਤਤਾ ਅਤੇ ਨਿਪੁੰਨਤਾ ਲਈ ਲੋੜ ਦੇ ਅਨੁਸਾਰ ਮੰਤਰੀ ਇਸ ਨੂੰ ਜਰੂਰੀ ਸਮਝਦਾ ਹੋਵੇ।

12.1.2 ਪਹਿਲ ਦੇ ਅਨੁਸਾਰ ਮੰਤਰੀ ਕੋਲ ਹੇਠਾਂ ਦਿੱਤੇ ਹੋ ਸਕਦੇ ਹਨ:

(i) ਕੀ ਇੱਕ ਬਿਨੈਕਾਰ ਕੋਲ ਪਛਾਣ ਦਸਤਾਵੇਜ਼ ਹਨ, ਅਤੇ, ਜੇਕਰ ਨਹੀਂ, ਤਾਂ ਕੀ ਉਸ ਨੇ ਅਜਿਹੇ ਦਸਤਾਵੇਜਾਂ ਦੀ ਨਾ ਮੌਜੂਦਗੀ ਲਈ ਇੱਕ ਉਚਿੱਤ ਵਿਆਖਿਆ ਪ੍ਰਦਾਨ ਕੀਤੀ ਹੈ।

(ii) ਕੀ ਬਿਨੈਕਾਰ ਨੇ ਆਪਣੇ ਕਲੇਮ ਨੂੰ ਸਹੀ ਸਾਬਿਤ ਕਰਨ ਲਈ ਉਚਿੱਤ ਵਿਆਖਿਆ ਕੀਤੀ ਹੈ ਸਟੇਟ (ਆਇਰਲੈਂਡ) ਪਹਿਲਾ ਸੁਰੱਖਿਅਤ ਦੇਸ ਹੈ ਜਿਸ ਵਿੱਚ ਉਹ ਆਪਣੇ ਮੂਲ ਦੇਸ਼/ ਆਪਣੀ ਪੁਰਾਣੀ ਆਦਤਨ ਰਿਹਾਇਸ਼ ਦੇ ਦੇਸ਼ ਤੋਂ ਚੱਲਣ ਤੋਂ ਬਾਅਦ ਪਹੁੰਚਿਆ ਹੈ ਜਾਂ ਪਹੁੰਚੀ ਹੈ।

(iii) ਕੀ ਬਿਨੈਕਾਰ ਨੇ ਪੂਰੀ ਅਤੇ ਸਹੀ ਜਾਣਕਾਰੀ ਪ੍ਰਦਾਨ ਕੀਤੀ ਹੈ ਕਿ ਉਹ ਸਟੇਟ (ਆਇਰਲੈਂਡ) ਵਿੱਚ ਕਿਸ ਤਰੀਕੇ ਨਾਲ ਅਤੇ ਕਿਵੇਂ ਪਹੁੰਚਿਆ ਜਾਂ ਪਹੁੰਚੀ ਹੈ।

(iv) ਸਟੇਟ (ਆਇਰਲੈਂਡ) ਦੇ ਫਰੰਟੀਅਰ ਤੋਂ ਇਲਾਵਾ ਅਰਜ਼ੀ ਕਿੱਥੇ ਤਿਆਰ ਕੀਤੀ ਗਈ ਸੀ, ਕਿ ਕੀ ਬਿਨੈਕਾਰ ਨੇ ਇੱਕ ਉਚਿੱਤ ਵਿਆਖਿਆ ਪ੍ਰਦਾਨ ਕੀਤੀ ਹੈ ਇਹ ਦਰਸਾਉਣ ਲਈ ਕਿ ਉਸ ਨੇ ਅੰਤਰਰਾਸ਼ਟਰੀ ਸੁਰੱਖਿਆ ਲਈ ਇੱਕ ਅਰਜ਼ੀ ਤਿਆਰ ਕਿਉਂ ਨਹੀਂ ਕੀਤੀ ਹੈ ਜਾਂ, ਜਿਹੋ ਜਿਹੀ ਸਥਿਤੀ ਹੋਵੇ, ਸਟੇਟ (ਆਇਰਲੈਂਡ) ਦੇ ਫਰੰਟੀਅਰ ਤੇ ਪਹੁੰਚਣ ਦੇ ਤੁਰੰਤ ਬਾਅਦ ਸ਼ਰਨਾਰਥੀ ਐਕਟ 1996 ਦੇ ਸੈਕਸ਼ਨ 8 ਤਹਿਤ ਇੱਕ ਅਰਜ਼ੀ ਜਦੋਂ ਤੱਕ ਅਰਜ਼ੀ ਉਨ੍ਹਾਂ ਗਤੀਵਿਧੀਆਂ ਤੇ ਅਧਾਰਿਤ ਨਾ ਹੋਵੇ ਜਿਹੜੀਆਂ ਉਸ ਦੇ ਸਟੇਟ (ਆਇਰਲੈਂਡ) ਵਿੱਚ ਪਹੁੰਚਣ ਤੇ ਵਾਪਰੀਆਂ ਹੋਣ।

(v) ਕਿੱਥੇ ਬਿਨੈਕਾਰ ਨੇ ਆਪਣੀ ਅਰਜ਼ੀ ਨਾਲ ਸੰਬੰਧਿਤ ਕਿਸੇ ਵੀ ਪਛਾਣ ਜਾਂ ਦੂਜੇ ਦਸਤਾਵੇਜਾਂ ਨੂੰ ਜਾਅਲੀ ਬਣਾਇਆ ਹੈ, ਨਸ਼ਟ ਕੀਤਾ ਹੈ ਜਾਂ ਤਬਾਹ ਕੀਤਾ ਹੈ, ਕਿ ਕੀ ਉਸ ਕੋਲ ਅਜਿਹਾ ਕਰਨ ਲਈ ਇੱਕ ਉਚਿੱਤ ਵਿਆਖਿਆ ਹੈ।

(vi) ਕੀ ਬਿਨੈਕਾਰ ਨੇ ਆਪਣੀ ਅਰਜ਼ੀ ਦੇ ਸਮਰਥਨ ਵਿੱਚ ਪ੍ਰਤੱਖ ਰੂਪ ਵਿੱਚ ਝੂਠਾ ਸਬੂਤ ਪ੍ਰਦਾਨ ਕੀਤਾ ਹੈ, ਜਾਂ ਕੀ ਗਲਤ ਪੇਸ਼ਕਾਰੀਆਂ ਤਿਆਰ ਕੀਤੀਆਂ ਹਨ, ਮੌਖਿਕ ਜਾਂ ਲਿਖਤੀ ਰੂਪ ਵਿੱਚ।

(vii) ਕਿ ਬਿਨੈਕਾਰ ਨੇ, ਬਿਨਾਂ ਉਚਿੱਤ ਕਾਰਣ ਦੇ, ਸਟੇਟ (ਆਇਰਲੈਂਡ) ਤੋਂ ਉਸ ਨੂੰ ਦੇਸ਼ ਨਿਕਾਲਾ ਦੇਣ ਦੇ ਇੱਕ ਪ੍ਰਸਤਾਵ ਦੇ ਨੋਟੀਫਿਕੇਸ਼ਨ ਤੋਂ ਇੱਕ ਅਰਜ਼ੀ ਤਿਆਰ ਕੀਤੀ ਹੈ।

(viii) ਕੀ ਬਿਨੈਕਾਰ ਨੇ ਸੁਰੱਖਿਆ ਪ੍ਰਕਿਰਿਆ ਨਾਲ ਸਹਿਯੋਗ ਕਰਨ ਲਈ ਅਪਣੇ ਫਰਜ਼ ਨੂੰ ਨਿਭਾਇਆ ਹ।

(ix) ਕੀ ਬਿਨੈਕਾਰ ਇੱਕ ਉਹ ਵਿਅਕਤੀ ਹੈ ਜਿਸ ਲਈ TUSLA – ਬਾਲ ਅਤੇ ਪਰਿਵਾਰ ਏਜੰਸੀ ਦੇਖਭਾਲ ਅਤੇ ਸੁਰੱਖਿਆ ਪ੍ਰਦਾਨ ਕਰ ਰਹੀ ਹੈ।

(x) ਕੀ ਬਿਨੈਕਾਰ, ਬਿਨਾਂ ਕਿਸੀ ਉਚਿੱਤ ਕਾਰਣ ਤੋਂ, ਸਟੇਟ (ਆਇਰਲੈਂਡ) ਵਿੱਚ ਦਾਖਲ ਹੋਣ ਜਾਂ ਬਣੇ ਰਹਿਣ ਦੀ ਉਨ੍ਹਾਂ ਦੀ ਇਜਾਜ਼ਤ ਨਾਲ ਜੁੜੀਆਂ ਕੁੱਝ ਕੁ ਲੋੜਾਂ ਨੂੰ ਪੂਰਾ ਕਰਨ ਤੋਂ ਅਸਫ਼ਲ ਰਿਹਾ ਹੈ।

## 12.2 ਉਸ ਜਾਣਕਾਰੀ ਦਾ ਕੀ ਕੀਤਾ ਜਾਂਦਾ ਹੈ ਜੋ ਮੈਂ ਅੰਤਰਰਾਸ਼ਟਰੀ ਸੁਰੱਖਿਆ ਦਫ਼ਤਰ ਨੂੰ ਪ੍ਰਦਾਨ ਕਰਦਾ ਹਾਂ?

12.2.1 ਜਦੋਂ ਤੁਸੀਂ ਆਪਣੇ ਵਿਅਕਤੀਗਤ ਵੇਰਵੇ IPO ਨੂੰ ਪ੍ਰਦਾਨ ਕਰਦੇ ਹੋ, ਤਾਂ ਦਫ਼ਤਰ ਦਾ ਇੱਕ ਫਰਜ਼ ਇਨ੍ਹਾਂ ਵੇਰਵਿਆਂ ਨੂੰ ਨਿੱਜੀ ਅਤੇ ਸੁਰੱਖਿਅਤ ਰੱਖਣਾ ਹੁੰਦਾ ਹੈ।

12.2.2 ਤੁਹਾਡੇ ਕੋਲ ਵਿਅਕਤੀਗਤ ਜਾਣਕਾਰੀ ਤੱਕ ਪਹੁੰਚ ਕਰਨ, ਸਹੀ ਕਰਨ ਅਤੇ ਮਿਟਾਉਣ ਦਾ ਅਧਿਕਾਰ ਹੁੰਦਾ ਹੈ ਜਿਹੜੀ ਤੁਹਾਡੇ ਨਾਲ ਸਬੰਧਿਤ ਹੋਵੇ, ਡੇਟਾ ਸੁਰੱਖਿਆ ਐਕਟ 1988 ਅਤੇ 2003 ਤਹਿਤ ਤੁਹਾਡੇ ਅਧਿਕਾਰਾਂ ਦੇ ਅਨੁਸਾਰ।

12.2.3 ਆਇਰਿਸ਼ ਨੈਚੁਰਾਲਾਇਜੇਸ਼ਨ ਅਤੇ ਇਮੀਗ੍ਰੇਸ਼ਨ ਸੇਵਾ ਦੁਆਰਾ ਰੱਖੀ ਗਈ ਵਿਅਕਤੀਗਤ ਜਾਣਕਾਰੀ ਨਾਲ ਸੰਬੰਧਿਤ ਰਿਕਾਰਡ ਕੁੱਝ ਕੁ ਛੋਟਾਂ ਦੇ ਅਨੁਸਾਰ, ਸੂਚਨਾ ਦੀ ਆਜਾਦੀ ਐਕਟ 2014 ਦੇ ਸਕੋਪ ਤਹਿਤ ਆਉਂਦੇ ਹਨ।

12.2.4 ਸੂਚਨਾ ਦੀ ਆਜਾਦੀ ਐਕਟ 2014 ਹਰੇਕ ਵਿਅਕਤੀ ਲਈ ਇਹ ਕਰਨ ਲਈ ਇੱਕ ਕਾਨੂੰਨੀ ਅਧਿਕਾਰ ਸਥਾਪਿਤ ਕਰਦਾ ਹੈ:

(i) ਜਨਤਕ ਸੰਸਥਾਵਾਂ ਦੁਆਰਾ ਰੱਖੀ ਗਈ ਜਾਣਕਾਰੀ ਤੱਕ ਪਹੁੰਚ ਕਰਨਾ।

(ii) ਆਪਣੇ ਨਾਲ ਸੰਬੰਧਿਤ ਅਧਿਕਾਰਿਤ ਜਾਣਕਾਰੀ ਵਿੱਚ ਸੋਧ ਕਰਨਾ ਜਿੱਥੇ ਇਹ ਅਧੂਰੀ, ਅਸ਼ੁੱਧ ਜਾਂ ਗੁੰਮਰਾਹ ਕਰਨ ਵਾਲੀ ਹੋਵੇ।

(iii) ਉਨ੍ਹਾਂ ਨੂੰ ਪ੍ਰਭਾਵਿਤ ਕਰਨ ਵਾਲੇ ਫੈਸਲਿਆਂ ਲਈ ਕਾਰਣਾਂ ਲਈ ਇੱਕ ਵਿਆਖਿਆ ਪ੍ਰਾਪਤ ਕਰਨਾ।

12.2.5 2014 ਐਕਟ ਜਿੱਥੋਂ ਤੱਕ ਸੰਭਵ ਹੋਵੇ, ਜਨਤਕ ਹਿੱਤ ਅਨੁਸਾਰ ਅਨੁਰੂਪ ਅਤੇ ਵਿਅਕਤੀਆਂ ਦੀ ਗੋਪਨੀਯਤਾ ਦੇ ਅਧਿਕਾਰ ਲਈ ਅਧਿਕਾਰਤ ਜਾਣਕਾਰੀ ਤੱਕ ਪਹੁੰਚ ਪ੍ਰਾਪਤ ਕਰਨ ਲਈ ਜਨਤਕ ਮੈਂਬਰਾਂ ਦੇ ਅਧਿਕਾਰ ਤੇ ਜੋਰ ਦਿੰਦਾ ਹੈ।

12.2.6 ਡੇਟਾ ਸੁਰੱਖਿਆ ਤੇ ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ IPO ਵੈਬਸਾਈਟ www.ipo.gov.ie ਨੂੰ ਦੇਖੋ।

# ਸੈਕਸ਼ਨ 13
# ਬਣੇ ਰਹਿਣ ਲਈ ਸਵੀਕ੍ਰਿਤੀ

## 13.1 ਮੈਂ ਬਣੇ ਰਹਿਣ ਦੀ ਸਵੀਕ੍ਰਿਤੀ ਲਈ ਕਿਵੇਂ ਅਪਲਾਈ ਕਰਾਂ?

13.1.1 ਜਦੋਂ ਤੁਸੀਂ ਅੰਤਰਰਾਸ਼ਟਰੀ ਸੁਰੱਖਿਆ ਲਈ ਆਪਣੀ ਅਰਜ਼ੀ ਤਿਆਰ ਕਰਦੇ ਹੋ ਤਾਂ ਤੁਹਾਨੂੰ ਉਸ ਸਮੇਂ ਤੇ ਸਮਾਨ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ ਜੋ ਤੁਹਾਡੇ ਕੋਲ ਹੋਵੇ ਜਿਹੜੀ ਮੰਤਰੀ ਦੇ ਫੈਸਲੇ ਦੇ ਅਨੁਰੂਪ ਹੋ ਸਕਦੀ ਹੈ ਕੀ ਬਣੇ ਰਹਿਣ ਲਈ ਤੁਹਾਡੀ ਸਵੀਕ੍ਰਿਤੀ ਦੇਣੀ ਚਾਹੀਦੀ ਹੈ ਜਾਂ ਨਹੀਂ ਜੇਕਰ ਤੁਹਾਨੂੰ ਸ਼ਰਨਾਰਥੀ ਦਰਜਾ ਜਾਂ ਸਹਾਇਕ ਸੁਰੱਖਿਆ ਨਾ ਦਿੱਤੀ ਗਈ ਹੋਵੇ। ਜੇਕਰ ਕੋਈ ਅਜਿਹੀ ਚੀਜ਼ ਹੋਵੇ ਜੋ ਤੁਸੀਂ ਚਾਹੁੰਦੇ ਹੋਵੋ ਕਿ ਮੰਤਰੀ ਨੂੰ ਵਿਚਾਰ ਕਰਨਾ ਚਾਹੀਦਾ ਹੈ, ਤਾਂ ਜਿੰਨੀ ਜ਼ਲਦੀ ਹੋ ਸਕੇ ਤੁਹਾਨੂੰ ਇਸ ਬਾਰੇ IPO ਨੂੰ ਸੂਚਿਤ ਕਰਨਾ ਚਾਹੀਦਾ ਹੈ।

13.1.2 ਤੁਹਾਨੂੰ ਇਹ ਜਾਣਕਾਰੀ ਆਪਣੇ ਅੰਤਰਰਾਸ਼ਟਰੀ ਸੁਰੱਖਿਆ ਪ੍ਰਸ਼ਨਾਵਲੀ ਦੇ ਉਚਿੱਤ ਹਿੱਸੇ ਵਿੱਚ ਇਹ ਜਾਣਕਾਰੀ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ। ਤੁਹਾਨੂੰ ਕੋਈ ਵੀ ਸਹਾਇਕ ਦਸਤਾਵੇਜ਼ ਸਪਲਾਈ ਕਰਨੇ ਚਾਹੀਦੇ ਹਨ ਜੋ ਤੁਸੀਂ ਸਮਝਦੇ ਹੋਵੋ ਯੋਗ ਹੈ (ਉਦਾਹਰਣ ਵਜੋਂ, ਜਨਮ ਜਾਂ ਵਿਆਹ ਦੇ ਸਰਟੀਫਿਕੇਟ, ਚਰਿੱਤਰ ਸੰਦਰਭ, ਪ੍ਰਸ਼ੰਸ਼ਾਪੱਤਰ ਜਾਂ ਯੋਗਤਾਵਾਂ, ਆਦਿ)। ਜੇਕਰ ਤੁਹਾਡੇ ਕੋਲ ਸੌਂਪਣ ਲਈ ਇਹ ਦਸਤਾਵੇਜ਼ ਨਾ ਹੋਣ, ਤਾਂ ਤੁਸੀਂ ਉਨ੍ਹਾਂ ਨੂੰ ਬਾਅਦ ਵਿੱਚ ਸੌਂਪ ਸਕਦੇ ਹੋ, ਉਸ ਸਮੇਂ ਤੱਕ ਕਦੇ ਵੀ ਜਦੋਂ ਅੰਤਰਰਾਸ਼ਟਰੀ ਸੁਰੱਖਿਆ ਲਈ IPO ਤੁਹਾਡੀ ਅਰਜ਼ੀ ਤੇ ਮੰਤਰੀ ਲਈ ਰਿਪੋਰਟ ਤਿਆਰ ਕਰਦਾ ਹੈ।

13.1.3 ਇਸ ਤੋਂ ਇਲਾਵਾ, ਤੁਹਾਨੂੰ IPO ਨੂੰ ਨਵੀਨਤਮ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ ਜੇਕਰ ਤੁਹਾਡੀਆਂ ਪ੍ਰਸਥਿਤੀਆਂ ਵਿੱਚ ਕੋਈ ਬਦਲਾਵ ਹੋਣ ਜਿਹੜੀ ਬਣੇ ਰਹਿਣ ਲਈ ਸਵੀਕ੍ਰਿਤੀ ਤੇ ਮੰਤਰੀ ਦੇ ਫੈਸਲੇ ਦੇ ਅਨੁਕੂਲ ਹੋਵੇ।

13.1.4 ਕਿਰਪਾ ਕਰਕੇ ਨੋਟ ਕਰੋ ਕਿ ਇੰਟਰਵਿਊ ਜਿਸ ਨੂੰ IPO ਦੁਆਰਾ ਸੰਚਾਲਿਤ ਕੀਤਾ ਜਾਏਗਾ ਉਸ ਨੂੰ ਅੰਤਰਰਾਸ਼ਟਰੀ ਸੁਰੱਖਿਆ ਲਈ ਤੁਹਾਡੀ ਅਰਜ਼ੀ ਦੀ ਜਾਂਚ ਤੇ ਨਿਰਦੇਸ਼ਿਤ ਕੀਤਾ ਜਾਂਦਾ ਹੈ ਅਤੇ ਨਾ ਕਿ ਬਣੇ ਰਹਿਣ ਦੀ ਇਜਾਜ਼ਤ ਦੇਣ ਲਈ। ਇੰਟਰਵਿਊ ਲੈਣ ਵਾਲਾ ਅਧਿਕਾਰੀ ਇਸ ਨਾਲ ਸੰਬੰਧਿਤ ਪ੍ਰਸ਼ਨ ਪੁੱਛੇਗਾ ਅਤੇ ਵਿਸ਼ੇਸ਼ ਤੌਰ ਤੇ ਦੂਜੇ ਮਾਮਲਿਆਂ ਦੀ ਜਾਂਚ ਨਹੀਂ ਕਰੇਗਾ, ਜਿਹੜਾ ਸੁਰੱਖਿਆ ਲਈ ਤੁਹਾਡੀ ਅਰਜ਼ੀ ਨਾਲ ਸੰਬੰਧਿਤ ਨਾ ਹੋਣ, ਮੰਤਰੀ ਦੇ ਫੈਸਲੇ ਨਾਲ ਸੰਬੰਧਿਤ ਹੋਵੇ ਕਿ ਕੀ ਸਟੇਟ (ਆਇਰਲੈਂਡ) ਵਿੱਚ ਬਣੇ ਰਹਿਣ ਲਈ ਤੁਹਾਨੂੰ ਸਵੀਕ੍ਰਿਤੀ ਦੇਣੀ ਹੈ ਜਾਂ ਨਹੀਂ। ਹਾਲਾਂਕਿ, ਜੇਕਰ ਅਜਿਹੇ ਮਾਮਲੇ ਇੰਟਰਵਿਊ ਵਿੱਚ ਪੈਦਾ ਹੁੰਦੇ ਹਨ, ਤਾਂ ਉਨ੍ਹਾਂ ਨੂੰ ਇੰਟਰਵਿਊ ਕਰਤਾ ਦੁਆਰਾ ਲਿਖਤੀ ਰੂਪ ਵਿੱਚ ਰਿਕਾਰਡ ਕੀਤਾ ਜਾਏਗਾ ਅਤੇ ਫੈਸਲਾ ਕਰਨ ਵਿੱਚ ਮੰਤਰੀ ਦੁਆਰਾ ਵਿਚਾਰ ਕਰਨ ਲਈ ਉਪਲਬਧ ਹੋਣਗੇ ਕਿ ਕੀ ਤੁਹਾਨੂੰ ਬਣੇ ਰਹਿਣ ਲਈ ਸਵੀਕ੍ਰਿਤੀ ਦੇਣੀ ਹੈ ਜਾਂ ਨਹੀਂ ਜੇਕਰ ਤੁਹਾਨੂੰ ਸ਼ਰਨਾਰਥੀ ਦਾ ਦਰਜਾ ਜਾਂ ਸਹਾਇਕ ਦਰਜਾ ਪ੍ਰਦਾਨ ਕਰਨਾ ਹੈ ਜਾਂ ਨਹੀਂ।

## 13.2 ਸਟੇਟ (ਆਇਰਲੈਂਡ) ਵਿੱਚ ਰਹਿਣਾ ਜਾਰੀ ਰੱਖਣ ਦੀ ਸਵੀਕ੍ਰਿਤੀ ਦੇਣ ਜਾਂ ਨਾ ਦੇਣ ਲਈ ਮੰਤਰੀ ਦੇ ਫੈਸਲੇ ਲਈ ਕਿਹੜੀ ਜਾਣਕਾਰੀ ਉਚਿੱਤ ਹੁੰਦੀ ਹੈ?

13.2.1 ਮੰਤਰੀ ਅੰਤਰਰਾਸ਼ਟਰੀ ਸੁਰੱਖਿਆ ਲਈ ਤੁਹਾਡੀ ਅਰਜ਼ੀ ਤੇ ਪੇਸ਼ ਕੀਤੀ ਗਈ ਸੰਬੰਧਿਤ ਜਾਣਕਾਰੀ ਸਮੇਤ ਤੁਹਾਡੇ ਰਾਹੀਂ ਦਾਖ਼ਲ ਕੀਤੀ ਗਈ ਕੋਈ ਵੀ ਜਾਣਕਾਰੀ ਅਤੇ ਤੁਹਾਡੀ ਮੁੱਢਲੀ ਇੰਟਰਵਿਊ ਅਤੇ ਤੁਹਾਡੀ ਵਿਅਕਤੀਗਤ ਅੰਤਰਰਾਸ਼ਟਰੀ ਸੁਰੱਖਿਆ ਇੰਟਰਵਿਊ ਤੇ ਤੁਹਾਡੇ ਰਾਹੀਂ ਦਿੱਤੀ ਗਈ ਕਿਸੇ ਵੀ ਸਟੇਟਮੈਂਟ ਨੂੰ ਕੰਮ ਵਿੱਚ ਲਿਆਏਗਾ।

13.2.2 ਮੰਤਰੀ ਨੂੰ ਤੁਹਾਡੀਆਂ ਪਰਿਵਾਰਕ ਅਤੇ ਵਿਅਕਤੀਗਤ ਪ੍ਰਸਥਿਤੀਆਂ ਅਤੇ ਤੁਹਾਡੇ ਪਰਿਵਾਰ ਅਤੇ ਵਿਅਕਤੀਗਤ ਜੀਵਨ ਦੇ ਸੰਬੰਧ ਵਿੱਚ ਤੁਹਾਡੇ ਅਧਿਕਾਰ ਨੂੰ ਕੰਮ ਵਿੱਚ ਲਿਆਉਣਾ ਚਾਹੀਦਾ ਹੈ, ਅਤੇ ਇਨ੍ਹਾਂ ਤੇ ਧਿਆਨ ਦੇਣਾ ਚਾਹੀਦਾ ਹੈ:

(i) ਸਟੇਟ (ਆਇਰਲੈਂਡ) ਨਾਲ ਤੁਹਾਡੇ ਕੁਨੈਕਸ਼ਨ ਦੀ ਪ੍ਰਕਿਰਤੀ, ਜੇਕਰ ਕੋਈ ਹੈ,

(ii) ਮਾਨਵੀ ਵਿਚਾਰ,

(iii) ਸਟੇਟ (ਆਇਰਲੈਂਡ) ਦੇ ਅੰਦਰ ਅਤੇ ਬਾਹਰ ਤੁਹਾਡਾ ਚਰਿੱਤਰ ਅਤੇ ਆਚਰਣ (ਅਪਰਾਧਿਕ ਸਜਾਵਾਂ ਸਮੇਤ),

(iv) ਨਾਗਰਿਕ ਸੁਰੱਖਿਆ ਅਤੇ ਜਨਤਕ ਹੁਕਮ ਤੇ ਵਿਚਾਰ, ਅਤੇ

(v) ਸਧਾਰਨ ਚੰਗਿਆਈ ਦੇ ਕੋਈ ਵੀ ਵਿਚਾਰ।

13.2.3 ਮੰਤਰੀ ਉਨ੍ਹਾਂ ਮੁੱਦਿਆਂ ਨੂੰ ਵੀ ਕੰਮ ਵਿੱਚ ਲਿਆਏਗ ਜਿਹੜੇ ਰੀਫਾਊਲਮੈਂਟ ਦੀ ਬੰਦਸ਼ ਬਾਰੇ ਤੁਹਾਡੇ ਰਾਹੀਂ ਉਠਾਏ ਜਾਂਦੇ ਹਨ, (ਦੇਖੋ **ਪੈਰਾ 2.7.1**)।

## 13.3 ਕੀ ਹੁੰਦਾ ਹੈ ਜੇਕਰ ਮੈਂ ਬਣੇ ਰਹਿਣ ਦੀ ਸਵੀਕ੍ਰਿਤੀ ਦੇਣ ਲਈ ਮਨ੍ਹਾਂ ਕੀਤਾ ਜਾਂਦਾ ਹੈ?

13.3.1 ਜੇਕਰ ਤੁਸੀਂ IPAT ਲਈ ਆਪਣੀ ਸੁਰੱਖਿਆ ਅਰਜ਼ੀ ਤੇ ਸੁਝਾਵ ਬਾਰੇ ਅਪੀਲ ਨਾ ਕਰਨ ਦਾ ਫੈਸਲਾ ਕਰਦੇ ਹੋ, ਅਤੇ ਮੰਤਰੀ ਬਣੇ ਰਹਿਣ ਲਈ ਤੁਹਾਨੂੰ ਸਵੀਕ੍ਰਿਤੀ ਦੇਣ ਨੂੰ ਮਨ੍ਹਾ ਕਰਦਾ ਹੈ, ਫਿਰ ਤੁਸੀਂ ਸਟੇਟ (ਆਇਰਲੈਂਡ) ਵਿੱਚ ਰਹਿਣ ਦੇ ਯੋਗ ਨਹੀਂ ਹੁੰਦੇ ਹੋ। ਤੁਹਾਡਾ TRC ਹੋਰ ਵੈਧ ਨਹੀਂ ਹੋਵੇਗਾ ਅਤੇ ਤੁਹਾਨੂੰ ਤੁਰੰਤ ਉਸ ਸਰਟੀਫਿਕੇਟ ਨੂੰ IPO ਨੂੰ ਵਾਪਸ ਕਰਨਾ ਚਾਹੀਦਾ ਹੈ।

13.3.2 ਤੁਹਾਡੇ ਕੋਲ ਸਵੈ ਇੱਛਾ ਨਾਲ ਆਪਣੇ ਮੂਲ ਦੇਸ਼/ ਪੁਰਾਣੇ ਆਦਤਨ ਰਿਹਾਇਸ਼ ਦੇ ਦੇਸ਼ ਵਿੱਚ ਵਾਪਸ ਜਾਣ ਦਾ ਵਿਕਲਪ ਹੁੰਦਾ ਹੈ ਅਤੇ ਤੁਹਾਨੂੰ IPO ਅਤੇ INIS ਨੂੰ ਸੂਚਿਤ ਕਰਨਾ ਚਾਹੀਦਾ ਹੈ ਜੇਕਰ ਤੁਸੀਂ ਸਟੇਟ (ਆਇਰਲੈਂਡ) ਨੂੰ ਸਵੈ-ਇੱਛਾ ਨਾਲ ਛੱਡਣ ਦਾ ਫੈਸਲਾ ਕਰਦੇ ਹੋ।

13.3.3 ਜੇਕਰ ਤੁਸੀਂ ਸਵੈ-ਇੱਛਾ ਨਾਲ ਅਪਣੇ ਮੂਲ ਦੇਸ਼/ ਪੁਰਾਣੀ ਆਦਤਨ ਰਿਹਾਇਸ਼ ਦੇ ਦੇਸ਼ ਨੂੰ ਵਾਪਸ ਨਾ ਜਾਣ ਦਾ ਫੈਸਲਾ ਕਰਦੇ ਹੋ, ਤਾਂ ਮੰਤਰੀ ਤੁਹਾਡੇ ਆਇਰਲੈਂਡ ਨੂੰ ਛੱਡਣ ਅਤੇ ਅਨਿਸ਼ਚਿਤ ਸਮੇਂ ਤੱਕ ਸਟੇਟ ਤੋਂ ਬਾਹਰ ਰਹਿਣ ਲਈ ਇੱਕ ਦੇਸ਼ ਨਿਕਾਲੇ ਦਾ ਹੁਕਮ ਤਿਆਰ ਕਰੇਗਾ।

## 13.4 ਕੀ ਹੁੰਦਾ ਹੈ ਜੇਕਰ ਮੈਨੂੰ ਬਣੇ ਰਹਿਣ ਲਈ ਸਵੀਕ੍ਰਿਤੀ ਦਿੱਤੀ ਜਾਂਦੀ ਹੈ?

13.4.1 ਜੇਕਰ ਤੁਹਾਨੂੰ ਰਹਿਣ ਲਈ ਇਜਾਜ਼ਤ ਪ੍ਰਦਾਨ ਕੀਤੀ ਜਾਂਦੀ ਹੈ ਤੁਸੀਂ ਉਨ੍ਹਾਂ ਕਾਰਵਾਈਆਂ ਤੇ ਜੋ ਤੁਹਾਨੂੰ ਕਰਨੀਆਂ ਚਾਹੀਦੀਆਂ ਹਨ ਅਤੇ ਤੁਹਾਡੇ ਅਧਿਕਾਰਾਂ ਅਤੇ ਫਰਜਾਂ ਤੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕਰਨ ਵਾਲਾ ਇੱਕ ਪੱਤਰ ਪ੍ਰਾਪਤ ਕਰੋਗੇ।

## 13.5 ਬਣੇ ਰਹਿਣ ਲਈ ਸਵੀਕ੍ਰਿਤੀ ਦੀ ਇੱਕ ਮਨਾਹੀ ਦੀ "ਸਮੀਖਿਆ" ਕਿਵੇਂ ਕੀਤੀ ਜਾਂਦੀ ਹੈ?

13.5.1 ਬਣੇ ਰਹਿਣ ਲਈ ਸਵੀਕ੍ਰਿਤੀ ਲਈ ਤੁਸੀਂ ਮਨ੍ਹਾਂ ਕਰਨ ਦੇ ਫੈਸਲਾ ਤੇ ਅਪੀਲ ਨਹੀਂ ਕਰ ਸਕਦੇ।

13.5.2 ਜੇਕਰ ਤੁਸੀਂ IPO ਦੁਆਰਾ ਅੰਤਰਰਾਸ਼ਟਰੀ ਸੁਰੱਖਿਆ ਦੇ ਸੰਬੰਧ ਵਿੱਚ ਇੱਕ ਸੁਝਾਵ ਲਈ ਮਨ੍ਹਾਂ ਕਰਦੇ ਹੋ, ਤਾਂ ਤੁਸੀਂ IPAT ਲਈ ਅਪੀਲ ਪ੍ਰਕਿਰਿਆ ਤੇ ਜਾਣਕਾਰੀ ਪ੍ਰਾਪਤ ਕਰੋਗੇ। ਜੇਕਰ ਤੁਸੀਂ IPAT ਲਈ ਅਪੀਲ ਕਰਦੇ ਹੋ ਪਰ ਇਹ IPO ਦੇ ਨੈਗੇਟਿਵ ਸੁਝਾਵ ਨੂੰ ਪੁਸ਼ਟੀ ਕਰਦਾ ਹੈ, ਤਾਂ ਤੁਸੀਂ ਬਣੇ *ਰਹਿਣ ਦੀ ਸਮੀਖਿਆ ਲਈ ਸਵੀਕ੍ਰਿਤੀ ਦਾ ਫਾਰਮ* ਭਰਨ ਲਈ ਪ੍ਰਾਪਤ ਕਰੋਗੇ। ਪੂਰਾ ਕਰਨ ਲਈ ਅਤੇ ਇਸ ਫਾਰਮ ਦੀ ਵਾਪਸੀ ਦੀ ਸਮਾਂ ਅਵਧੀ ਨੂੰ ਫਾਰਮ ਨਾਲ ਪ੍ਰਦਾਨ ਕੀਤਾ ਜਾਏਗਾ।

13.5.3 ਜੇਕਰ ਬਣੇ ਰਹਿਣ ਲਈ ਤੁਹਾਡੀਆਂ ਪ੍ਰਸਥਿਤੀਆਂ ਮੰਤਰੀ ਦੇ ਆਰੰਭਿਕ ਸਵੀਕ੍ਰਿਤੀ ਅਤੇ ਤੁਹਾਡੀ ਅੰਤਰਰਾਸ਼ਟਰੀ ਸੁਰੱਖਿਆ ਅਪੀਲ ਤੇ IPAT ਦੁਆਰਾ ਫੈਸਲੇ ਵਿਚਕਾਰ ਬਦਲਾਵ ਹੁੰਦਾ ਹੈ, ਉਸ ਤਰੀਕੇ ਨਾਲ ਜੋ ਮੰਤਰੀ ਦੇ ਆਰੰਭਿਕ ਫੈਸਲੇ ਅਨੁਸਾਰ ਹੋਵੇ, ਤਾਂ ਤੁਹਾਨੂੰ ਜਿਵੇਂ ਹੀ ਪਤਾ ਲੱਗਦਾ ਹੈ ਇਸ ਬਾਰੇ ਮੰਤਰੀ ਨੂੰ ਸੂਚਿਤ ਕਰਨਾ ਚਾਹੀਦਾ ਹੈ।

13.5.4 ਜੇਕਰ ਤੁਸੀਂ ਬਣੇ ਰਹਿਣ ਲਈ ਮੰਤਰੀ ਦੇ ਆਰੰਭਿਕ ਫੈਸਲੇ ਅਨੁਸਾਰ ਪ੍ਰਸਥਿਤੀਆਂ ਤੇ ਬਦਲਾਵ ਬਾਰੇ ਕਿਸੇ ਵੀ ਜਾਣਕਾਰੀ ਨੂੰ ਦਾਖਲ ਕੀਤਾ ਹੋਵੇ, ਤਾਂ ਮੰਤਰੀ ਬਣੇ ਰਹਿਣ ਲਈ ਤੁਹਾਨੂੰ ਸਵੀਕ੍ਰਿਤੀ ਦੇਣ ਦੇ ਅਪਣੇ ਪਹਿਲੇ ਪਿਛਲੇ ਫੈਸਲੇ ਦੀ ਸਮੀਖਿਆ ਕਰੇਗਾ। ਮੰਤਰੀ ਫਿਰ ਤੋਂ ਉੱਪਰ ਦਿੱਤੇ **ਪੈਰਾ**
**13.2.2** ਵਿੱਚ ਸਥਾਪਿਤ ਕੀਤੇ ਮਾਮਲਿਆਂ ਅਤੇ ਤੁਹਾਡੇ ਰਾਹੀਂ ਦਾਖ਼ਲ ਕੀਤੀ ਕਿਸੇ ਵੀ ਅਨੁਪੂਰਕ ਜਾਣਕਾਰੀ ਤੇ ਵਿਚਾਰ ਕਰੇਗਾ। ਮੰਤਰੀ ਰੀਫਾਊਲਮੈਂਟ ਦੀ ਬੰਦਸ਼ ਬਾਰੇ ਤੁਹਾਡੇ ਰਾਹੀਂ ਉਠਾਏ ਗਏ ਕਿਸੇ ਵੀ ਮਾਮਲੇ ਤੇ ਵਿਚਾਰ ਕਰੇਗਾ।

13.5.5 ਬਣੇ ਰਹਿਣ ਲਈ ਤੁਹਾਡੀ ਸਵੀਕ੍ਰਿਤੀ ਦੇ ਫੈਸਲੇ ਦੀ ਸਮੀਖਿਆ ਕਰਨ ਤੋਂ ਬਾਅਦ, ਮੰਤਰੀ ਜਾਂ ਤਾਂ ਤੁਹਾਨੂੰ ਇੱਕ ਖਾਸ ਅਵਧੀ ਲਈ ਬਣੇ ਰਹਿਣ ਲਈ ਅਸਥਾਈ ਇਜਾਜ਼ਤ ਦੇ ਸਕਦਾ ਹੈ ਜਾਂ ਇਜਾਜ਼ਤ ਦੇਣ ਲਈ ਮਨ੍ਹਾਂ ਕਰ ਸਕਦਾ ਹੈ। ਤੁਹਾਨੂੰ ਇਸ ਫੈਸਲੇ ਲਈ ਕਾਰਣਾਂ ਦੇ ਨਾਲ ਮੰਤਰੀ ਦੇ ਫੈਸਲੇ ਬਾਰੇ ਲਿਖਤੀ ਰੂਪ ਵਿੱਚ ਸੂਚਿਤ ਕੀਤਾ ਜਾਏਗਾ।

## 13.6 ਕੀ ਹੁੰਦਾ ਹੈ ਜੇਕਰ ਬਣੇ ਰਹਿਣ ਲਈ ਮੈਨੂੰ ਸਵੀਕ੍ਰਿਤੀ ਦਿੱਤੀ ਜਾਂਦੀ ਹੈ ਪਰ ਮੈਂ IPO ਤੋਂ IPAT ਲਈ ਸੁਰੱਖਿਆ ਸੁਝਾਵ ਲਈ ਅਪੀਲ ਕਰਨ ਦਾ ਫੈਸਲਾ ਕਰਦਾ ਹਾਂ?

13.6.1 ਤੁਸੀਂ ਅਜੇ ਵੀ ਆਪਣੇ ਸਥਾਨਕ ਇਮੀਗ੍ਰੇਸ਼ਨ ਰਜਿਸਟ੍ਰੇਸ਼ਨ ਦਫ਼ਤਰ ਤੇ ਰਜਿਸਟਰ ਕਰ ਸਕਦੇ ਹੋ ਤਾਂ ਕਿ ਸਟੇਟ (ਆਇਰਲੈਂਡ) ਵਿੱਚ ਬਣੇ ਰਹਿਣ ਲਈ ਤੁਹਾਡੀ ਇਜਾਜ਼ਤ ਨੂੰ ਲਾਗੂ ਕੀਤਾ ਜਾ ਸਕੇ। ਫਿਰ ਵੀ, ਜੇਕਰ ਤੁਸੀਂ ਸੁਰੱਖਿਆ ਦੇ ਫੈਸਲੇ ਤੇ ਅਪੀਲ ਕਰਦੇ ਹੋ, ਕਿਉਂਕਿ ਤੁਸੀਂ ਅਜੇ ਵੀ ਅੰਤਰਰਾਸ਼ਟਰੀ ਸੁਰੱਖਿਆ ਲਈ ਇੱਕ ਬਿਨੈਕਾਰ ਹੁੰਦੇ ਹੋ, ਤੁਸੀਂ ਰੋਜ਼ਗਾਰ ਵਿੱਚ ਦਾਖਲ ਹੋਣ ਜਾਂ ਬਣੇ ਰਹਿਣ ਲਈ, ਜਾਂ ਬਿਜ਼ਨੈਸ, ਵਪਾਰ ਜਾਂ ਇੱਕ ਇੱਕ ਕਿੱਤੇ ਵਿੱਚ ਵਿਅਸਤ ਹੋਣ ਦੇ ਯੋਗ ਨਹੀਂ ਹੋਵੋਗੇ ਜਦੋਂ IPAT ਨੂੰ ਤੁਹਾਡੀ ਅਪੀਲ ਦੇ ਨਤੀਜੇ ਬਾਰੇ ਪਤਾ ਨਾ ਲੱਗੇ।

## 13.7 ਕੀ ਹੁੰਦਾ ਹੈ ਜੇਕਰ ਸਮੀਖਿਆ ਪ੍ਰਕਿਰਿਆ ਤੋਂ ਬਾਅਦ ਮੈਨੂੰ ਬਣੇ ਰਹਿਣ ਲਈ ਸਵੀਕ੍ਰਿਤੀ ਦੇਣ ਤੋਂ ਮਨ੍ਹਾਂ ਕੀਤਾ ਜਾਂਦਾ ਹੈ?

13.7.1 ਜੇਕਰ ਬਣੇ ਰਹਿਣ ਲਈ ਤੁਹਾਨੂੰ ਸਵੀਕ੍ਰਿਤੀ ਦੇਣ ਤੋਂ ਮਨ੍ਹਾਂ ਕੀਤਾ ਗਿਆ ਹੈ, ਤਾਂ ਤੁਸੀਂ ਸਟੇਟ (ਆਇਰਲੈਂਡ) ਵਿੱਚ ਹੋਰ ਰਹਿਣ ਦੇ ਯੋਗ ਨਹੀਂ ਹੋਵੋਗੇ। ਤੁਹਾਡਾ TRC ਹੋਰ ਵੈਧ ਨਹੀਂ ਹੋਵੇਗਾ ਅਤੇ ਤੁਹਾਨੂੰ ਤੁਰੰਤ ਉਸ ਸਰਟੀਫਿਕੇਟ ਨੂੰ IPO ਨੂੰ ਵਾਪਸ ਕਰਨਾ ਚਾਹੀਦਾ ਹੈ।

13.7.2 ਤੁਹਾਡੇ ਕੋਲ ਸਵੈ-ਇੱਛਾ ਨਾਲ ਆਪਣੇ ਮੂਲ ਦੇਸ਼/ ਪੁਰਾਣੇ ਆਦਤਨ ਰਿਹਾਇਸ਼ ਦੇ ਦੇਸ਼ ਵਿੱਚ ਵਾਪਸ ਜਾਣ ਦਾ ਵਿਕਲਪ ਹੁੰਦਾ ਹੈ ਅਤੇ ਤੁਹਾਨੂੰ IPO ਅਤੇ INIS ਨੂੰ ਸੂਚਿਤ ਕਰਨਾ ਚਾਹੀਦਾ ਹੈ ਜੇਕਰ ਤੁਸੀਂ ਸਟੇਟ (ਆਇਰਲੈਂਡ) ਨੂੰ ਸਵੈ-ਇੱਛਾ ਨਾਲ ਛੱਡਣ ਦਾ ਫੈਸਲਾ ਕਰਦੇ ਹੋ।

13.7.3 ਜੇਕਰ ਤੁਸੀਂ ਆਪਣੇ ਮੂਲ ਦੇਸ਼/ ਪੁਰਾਣੀ ਆਦਤਨ ਰਿਹਾਇਸ਼ ਦੇ ਦੇਸ਼ ਨੂੰ ਸਵੈ ਇੱਛਾ ਨਾਲ ਪਰਤਣ ਦਾ ਫੈਸਲਾ ਨਹੀਂ ਕਰਦੇ ਹੋ, ਤਾਂ ਮੰਤਰੀ ਤੁਹਾਡੇ ਲਈ ਸਟੇਟ (ਆਇਰਲੈਂਡ) ਨੂੰ ਛੱਡਣ ਦੀ ਲੋੜ ਅਤੇ ਅਨਿਸ਼ਚਿਤ ਸਮੇਂ ਤੱਕ ਸਟੇਟ (ਆਇਰਲੈਂਡ) ਤੋਂ ਬਾਹਰ ਰਹਿਣ ਲਈ ਇੱਕ ਦੇਸ਼ ਨਿਕਾਲਾ ਹੁਕਮ ਤਿਆਰ ਕਰੇਗਾ।

## ਸੈਕਸ਼ਨ 14
## ਪਰਿਵਾਰ ਪੁਨਰਮਿਲਨ

### 14.1 ਪਰਿਵਾਰ ਪੁਨਰਮਿਲਨ ਕੀ ਹੁੰਦਾ ਹੈ?

14.1.1 ਜੇਕਰ ਮੰਤਰੀ ਤੁਹਾਨੂੰ ਇੱਕ ਸ਼ਰਨਾਰਥੀ ਦਰਜਾ ਜਾਂ ਇੱਕ ਸਹਾਇਕ ਸੁਰੱਖਿਆ ਪ੍ਰਦਾਨ ਕਰਦਾ ਹੈ, ਤਾਂ ਤੁਸੀਂ, ਘੋਸ਼ਣਾ ਦੀ ਮਿਤੀ ਤੋਂ 12 ਮਹੀਨੇ ਦੇ ਅੰਦਰ ਅੰਦਰ, ਅਪਣੇ ਪਰਿਵਾਰ ਦੇ ਖਾਸ ਮੈਂਬਰਾਂ ਨੂੰ ਸਟੇਟ (ਆਇਰਲੈਂਡ) ਵਿੱਚ ਦਾਖਲ ਹੋਣ ਅਤੇ **ਰਹਿਣ ਲਈ** ਇਜਾਜ਼ਤ ਦੇਣ ਵਾਸਤੇ ਮੰਤਰੀ ਕੋਲ

- ਅਪਲਾਈ ਕਰ ਸਕਦੇ ਹੋ, ਜੇਕਰ ਅਰਜ਼ੀ ਦੀ ਮਿਤੀ ਤੇ ਬਾਹਰ ਰਹਿੰਦੇ ਹੋ; ਜਾਂ

- ਸਟੇਟ (ਆਇਰਲੈਂਡ) ਵਿੱਚ ਰਹਿੰਦੇ ਹੋ ਅਤੇ ਵਸਦੇ ਹੋ, ਜੇਕਰ ਅਰਜ਼ੀ ਦੀ ਮਿਤੀ ਤੇ ਪਹਿਲਾਂ ਹੀ ਸਟੇਟ (ਆਇਰਲੈਂਡ) ਵਿੱਚ ਹੁੰਦੇ ਹੋ।

### 14.2 ਕੀ ਕੋਈ ਸਮਾਂ ਸੀਮਾਂ ਹੁੰਦੀ ਹੈ?

14.2.1 ਤੁਹਾਨੂੰ ਇੱਕ ਸ਼ਰਨਾਰਥੀ ਦਰਜਾ ਜਾਂ ਇੱਕ ਸਹਾਇਕ ਸੁਰੱਖਿਆ ਦਰਜਾ ਪ੍ਰਦਾਨ ਹੋਣ ਤੋਂ **12 ਮਹੀਨਿਆਂ** ਦੇ ਅੰਦਰ ਆਪਣੇ ਪਰਿਵਾਰਕ ਮੈਂਬਰਾਂ ਨੂੰ ਤੁਹਾਡੇ ਨਾਲ ਮਿਲਣ ਲਈ ਇੱਕ ਅਰਜ਼ੀ ਦਾਖ਼ਲ ਕਰਨੀ ਚਾਹੀਦੀ ਹੈ।

### 14.3 ਇੱਕ ਪਰਿਵਾਰਕ ਸਦੱਸ ਕੌਣ ਹੁੰਦਾ ਹੈ?

14.3.1 **ਪਰਿਵਾਰਕ ਮੈਂਬਰਾਂ** ਨੂੰ ਸਪੱਸ਼ਟ ਤੌਰ ਤੇ ਪਰਿਭਾਸ਼ਿਤ ਕੀਤਾ ਗਿਆ ਹੈ। ਇਸ ਤੋਂ ਭਾਵ ਹੈ:

(i) ਵਿਅਕਤੀ ਦਾ ਜੀਵਨਸਾਥੀ, ਬਸ਼ਰਤੇ ਕਿ ਸਟੇਟ (ਆਇਰਲੈਂਡ) ਵਿੱਚ ਅੰਤਰਰਾਸ਼ਟਰੀ ਸੁਰੱਖਿਆ ਲਈ ਅਰਜ਼ੀ ਦੀ ਮਿਤੀ ਤੇ ਵਿਆਹ ਹੋ ਚੁੱਕਾ ਸੀ।

(ii) ਵਿਅਕਤੀ ਦਾ ਸਿਵਲ ਭਾਗੀਦਾਰ, ਬਸ਼ਰਤੇ ਕਿ ਸਟੇਟ (ਆਇਰਲੈਂਡ) ਵਿੱਚ ਅੰਤਰਰਾਸ਼ਟਰੀ ਸੁਰੱਖਿਆ ਲਈ ਅਰਜ਼ੀ ਦੀ ਮਿਤੀ ਤੇ ਸਿਵਲ ਭਾਗੀਦਾਰੀ ਲਾਗੂ ਹੋ ਚੁੱਕੀ ਸੀ,

(iii) ਜੇਕਰ ਵਿਅਕਤੀ ਦੀ ਉਮਰ 18 ਸਾਲ ਤੋਂ ਘੱਟ ਹੈ ਅਤੇ ਅਵਿਵਾਹਿਤ ਹੈ, ਉਸ ਦੇ ਮਾਤਾ-ਪਿਤਾ ਅਤੇ ਬੱਚੇ ਜਿਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਹੈ ਅਤੇ ਅਵਿਵਾਹਿਤ ਹਨ, ਜਾਂ

(iv) ਵਿਅਕਤੀ ਦਾ ਇੱਕ ਬੱਚਾ ਜੋ, ਪਰਿਵਾਰਕ ਪੁਨਰਮਿਲਨ ਲਈ ਅਰਜ਼ੀ ਦੀ ਮਿਤੀ ਤੇ, 18 ਸਾਲ ਤੋਂ ਘੱਟ ਦਾ ਹੈ ਅਤੇ ਅਵਿਵਾਹਿਤ ਹੈ।

### 14.4 ਮੈਨੂੰ ਅੰਤਰਰਾਸ਼ਟਰੀ ਸੁਰੱਖਿਆ ਅਰਜ਼ੀ ਫਾਰਮ ਅਤੇ ਪ੍ਰਸ਼ਨਾਵਲੀ ਤੇ ਕਿਹੜੀ ਜਾਣਕਾਰੀ ਸ਼ਾਮਲ ਕਰਨੀ ਚਾਹੀਦੀ ਹੈ?

14.4.1 ਜਦੋਂ ਤੁਸੀਂ ਅੰਤਰਰਾਸ਼ਟਰੀ ਸੁਰੱਖਿਆ ਲਈ ਅਪਲਾਈ ਕਰਦੇ ਹੋ, ਤੁਹਾਨੂੰ ਪਰਿਵਾਰਕ ਮੈਂਬਰਾਂ ਤੇ ਸੰਬੰਧਿਤ ਜਾਣਕਾਰੀ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ ਜੋ ਉਸ ਸੂਰਤ ਵਿੱਚ, ਕਿ ਤੁਹਾਨੂੰ ਅੰਤਰਰਾਸ਼ਟਰੀ ਸੁਰੱਖਿਆ ਪ੍ਰਦਾਨ ਕੀਤੀ ਗਈ ਹੈ, ਪਰਿਵਾਰਕ ਪੁਨਰਮਿਲਨ ਲਈ ਯੋਗ ਹੁੰਦੇ ਹਨ (ਦੇਖੋ **ਪੈਰਾ 14.3**)।

14.4.2 ਤੁਹਾਨੂੰ ਅੰਤਰਰਾਸ਼ਟਰੀ ਸੁਰੱਖਿਆ ਪ੍ਰਸ਼ਨਾਵਲੀ ਤੇ ਆਪਣੇ ਪਰਿਵਾਰਕ ਮੈਂਬਰਾਂ ਬਾਰੇ ਸੰਬੰਧਿਤ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ।

14.4.3 ਤੁਹਾਡੇ ਲਈ ਆਪਣੇ ਪਰਿਵਾਰਕ ਮੈਂਬਰਾਂ ਦੇ ਸਾਰੇ ਵੇਰਵਿਆਂ ਨੂੰ ਸ਼ਾਮਲ ਕਰਨਾ ਵਧੇਰੇ ਮਹੱਤਵਪੂਰਣ ਹੁੰਦਾ ਹੈ ਕਿ ਤੁਸੀਂ ਆਪਣੀ ਅਰਜ਼ੀ ਅਤੇ ਪ੍ਰਸ਼ਨਾਵਲੀ ਨੂੰ ਪੂਰਾ ਕਰ ਰਹੇ ਹੋ, ਅਤੇ ਸੰਬੰਧਿਤ ਦਸਤਾਵੇਜ਼ ਪ੍ਰਦਾਨ ਕਰਨ ਲਈ ਜਿਵੇਂ ਕਿ ਵਿਆਹ ਦੇ ਸਰਟੀਫਿਕੇਟ, ਜਨਮ ਦੇ ਸਰਟੀਫਿਕੇਟ ਆਦਿ।

## 14.5 ਮੈਂ ਪਰਿਵਾਰਕ ਪੁਨਰਮਿਲਨ ਲਈ ਕਿਵੇਂ ਅਪਲਾਈ ਕਰ ਸਕਦਾ ਹਾਂ?

14.5.1 ਜੇਕਰ ਤੁਹਾਨੂੰ ਸ਼ਰਨਾਰਥੀ ਦਰਜਾ ਜਾਂ ਸਹਾਇਕ ਸੁਰੱਖਿਆ ਪ੍ਰਦਾਨ ਕੀਤੀ ਗਈ ਹੈ ਅਤੇ **ਪੈਰਾ 14.3** ਤੇ ਦਰਸਾਏ ਇੱਕ ਪਰਿਵਾਰਕ ਮੈਂਬਰ ਲਈ ਪਰਿਵਾਰਕ ਪੁਨਰਮਿਲਨ ਲਈ ਅਪਲਾਈ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਹੇਠਾਂ ਦਿੱਤੇ ਗਏ ਪਤੇ ਤੇ ਪਰਿਵਾਰਕ ਪੁਨਰਮਿਲਨ ਯੂਨਿਟ (INIS) ਲਈ ਲਿਖਤੀ ਤੌਰ ਤੇ ਅਪਲਾਈ ਕਰਨਾ ਚਾਹੀਦਾ ਹੈ:

**Family Reunification Unit**
**Irish Naturalisation and Immigration Service**
**13/14 Burgh Quay**
**Dublin 2**
**D02 XK70**

14.5.2 ਹੋਰ ਜਾਣਕਾਰੀ www.inis.gov.ie ਤੇ ਉਪਲਬਧ ਹੈ

**ਯਾਦ ਰੱਖੋ ਕਿ ਪਰਿਵਾਰਕ ਪੁਨਰਮਿਲਨ ਲਈ ਅਰਜ਼ੀ ਸ਼ਰਨਾਰਥੀ ਦਰਜਾ ਜਾਂ ਸਹਾਇਕ ਸੁਰੱਖਿਆ ਪ੍ਰਦਾਨ ਕਰਨ ਦੇ 12 ਮਹੀਨੇ ਅੰਦਰ ਦਾਖਲ ਕਰਨੀ ਚਾਹੀਦੀ ਹੈ।**

# ਸੈਕਸ਼ਨ 15
# ਤੁਹਾਡੀ ਰਿਹਾਇਸ਼

## 15.1 ਰਿਸੈਪਸ਼ਨ/ ਰਿਹਾਇਸ਼ ਦੀ ਜਾਣਕਾਰੀ

15.1.1 ਜੇਕਰ ਤੁਸੀਂ IPO ਤੇ ਅੰਤਰਰਾਸ਼ਟਰੀ ਸੁਰੱਖਿਆ ਲਈ ਅਪਲਾਈ ਕਰਦੇ ਹੋ, ਤਾਂ ਤੁਹਾਡੇ ਆਰੰਭਿਕ ਵੇਰਵਿਆਂ ਤੇ ਪ੍ਰਕਿਰਿਆ ਕੀਤੀ ਜਾਏਗੀ ਅਤੇ ਫਿਰ ਤੁਹਾਨੂੰ ਰਿਸੈਪਸ਼ਨ ਅਤੇ ਇੰਟੀਗ੍ਰੇਸ਼ਨ ਏਜੰਸੀ (RIA) ਕੋਲ ਰੈਫ਼ਰ ਕੀਤਾ ਜਾਏਗਾ ਜਿਹੜਾ ਸਟੇਟ ਦੁਆਰਾ ਮੁਹੱਈਆ ਕੀਤੀ ਰਿਹਾਇਸ਼ ਅਤੇ ਅੰਤਰਰਾਸ਼ਟਰੀ ਸੁਰੱਖਿਆ ਪ੍ਰਕਿਰਿਆ ਵਿੱਚ ਉਨ੍ਹਾਂ ਲਈ ਫੁੱਲ ਬੋਰਡ ਦੇ ਸੰਬੰਧ ਵਿੱਚ ਮਾਮਲਿਆਂ ਨੂੰ ਪ੍ਰਬੰਧਿਤ ਕਰਦੀ ਹੈ।

15.1.2 ਜੇਕਰ ਤੁਹਾਨੂੰ ਰਿਹਾਇਸ਼ ਲੋੜੀਂਦੀ ਹੈ ਤਾਂ ਤੁਹਾਡੇ ਵੇਰਵਿਆਂ ਨੂੰ ਨੋਟ ਕੀਤਾ ਜਾਏਗਾ ਅਤੇ ਤੁਹਾਨੂੰ ਰਿਹਾਇਸ਼ ਦੀ ਇੱਕ ਪੇਸ਼ਕਸ਼ ਕੀਤੀ ਜਾ ਸਕਦੀ ਹੈ। ਜੇਕਰ ਤੁਸੀਂ ਇਸ ਪੇਸ਼ਕਸ਼ ਨੂੰ ਸਵੀਕਾਰ ਕਰਦੇ ਹੋ, ਤਾਂ ਇੱਕ ਰਿਸੈਪਸ਼ਨ ਸੈਂਟਰ ਲਈ ਤੁਹਾਨੂੰ ਟ੍ਰਾਂਸਪੋਰਟ ਮੁਹੱਈਆ ਕੀਤੀ ਜਾਏਗੀ ਜਿੱਥੇ ਤੁਸੀਂ ਥੋੜ੍ਹੀ ਜਿਹੀ ਸਮਾਂ ਅਵਧੀ ਲਈ ਠਹਿਰ ਸਕਦੇ ਹੋ – ਆਮ ਤੌਰ ਤੇ ਤਿੰਨ ਹਫ਼ਤੇ ਤੋਂ ਵੱਧ ਨਹੀਂ।

15.1.3 ਰਿਸੈਪਸ਼ਨ ਸੈਂਟਰ ਤੇ ਥੋੜ੍ਹੇ ਜਿਹੇ ਸਮੇਂ ਤੋਂ ਬਾਅਦ ਤੁਹਾਨੂੰ ਇੱਕ ਰਿਹਾਇਸ਼ੀ ਸੈਂਟਰ ਵਿੱਚ ਤਬਦੀਲ ਕੀਤਾ ਜਾ ਸਕਦਾ ਹੈ। ਤੁਹਾਨੂੰ ਸੈਂਟਰ ਦੇ ਸਥਾਨ ਦੇ ਸੰਬੰਧ ਵਿੱਚ ਕੋਈ ਵੀ ਵਿਕਲਪ ਨਹੀਂ ਦਿੱਤਾ ਜਾਏਗਾ ਜਿੱਥੇ ਤੁਹਾਨੂੰ ਸਥਾਂਨਤਰਣ ਕੀਤਾ ਜਾ ਰਿਹਾ ਹੈ।

15.1.5 ਜਦੋਂ ਤੱਕ ਅੰਤਰਰਾਸ਼ਟਰੀ ਸੁਰੱਖਿਆ ਲਈ ਤੁਹਾਡੀ ਅਰਜ਼ੀ ਤੇ ਪ੍ਰਕਿਰਿਆ ਨੂੰ ਪੂਰਾ ਨਹੀਂ ਕੀਤਾ ਜਾਂਦਾ (ਕਿਸੇ ਵੀ ਅਪੀਲ ਸਮੇਤ, ਜੇਕਰ ਲਾਗੂ ਹੋਵੇ) ਤੁਸੀਂ ਰਿਹਾਇਸ਼ ਸੈਂਟਰ ਵਿੱਚ ਰਹਿ ਸਕਦੇ ਹੋ ਜਿੱਥੇ ਤੁਹਾਨੂੰ ਸਥਾਂਨਤਰਿਤ ਕੀਤਾ ਜਾਂਦਾ ਹੈ ਜਾਂ ਫਿਰ ਤੁਸੀਂ ਆਪਣੇ ਖਰਚੇ ਤੇ ਪ੍ਰਾਈਵੇਟ ਰਿਹਾਇਸ਼ ਵਿੱਚ ਰਹਿਣ ਦਾ ਫੈਸਲਾ ਕਰ ਸਕਦੇ ਹੋ।

15.1.6 ਕਿਰਪਾ ਕਰਕੇ ਨੋਟ ਕਰੋ ਕਿ ਜੇਕਰ ਤੁਸੀਂ ਰਿਹਾਇਸ਼ ਆਦਿ ਲਈ ਅਪਣੇ ਪ੍ਰਬੰਧ ਕਰਦੇ ਹੋ, ਤਾਂ ਅਪਣੇ ਸਥਾਨ ਬਾਰੇ IPO ਨੂੰ ਸੂਚਿਤ ਕਰਨਾ ਤੁਹਾਡਾ ਫਰਜ਼ ਹੈ।

15.1.7 ਰਿਸੈਪਸ਼ਨ ਸੈਂਟਰ ਜਾਂ ਇੱਕ ਰਿਹਾਇਸ਼ੀ ਸੈਂਟਰ ਤੇ ਰਿਹਾਇਸ਼ ਦੀ ਪੇਸ਼ਕਸ਼ ਉਸ ਸੈਂਟਰ ਤੇ ਲਾਗੂ ਹੋਣ ਵਾਲੇ ਹਾਊਸ ਨਿਯਮਾਂ ਦੀ ਹਰ ਸਮੇਂ ਪਾਲਣਾ ਕਰਨ ਦੇ ਆਧਾਰ ਤੇ ਹੁੰਦੀ ਹੈ।

15.1.8 ਤੁਸੀਂ RIA ਰਾਹੀਂ ਅਧਿਕਾਰਤ ਤੌਰ ਪ੍ਰਦਾਨ ਕੀਤੀ ਗਈ ਰਿਹਾਇਸ਼ ਤੋਂ ਸਥਾਂਨਤਰਣ ਕਰਨ ਦੀ ਮੰਗ ਕਰ ਸਕਦੇ ਹੋ ਅਤੇ ਕੇਵਲ ਉਨ੍ਹਾਂ ਹਾਲਾਤਾਂ ਵਿੱਚ ਜਿੱਥੇ ਏਜੰਸੀ ਤੁਹਾਨੂੰ ਇੱਕ ਵਿਕਲਪਿਕ ਰਿਹਾਇਸ਼ ਦੀ ਪੇਸ਼ਕਸ਼ ਕਰਨ ਦੀ ਪੋਜੀਸ਼ਨ ਵਿੱਚ ਹੋਵੇ।

15.1.9 ਹੋਰ ਜਾਣਕਾਰੀ ਰਿਸੈਪਸ਼ਨ ਅਤੇ ਇੰਟੀਗ੍ਰੇਸ਼ਨ ਏਜੰਸੀ ਤੋਂ www.ria.gov.ie ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਅੰਤਕਾ

## ਸੰਪਰਕ ਵੇਰਵੇ

### ਉਸ ਹੋਰ ਕਿਸੇ ਵੀ ਸੰਸਥਾ ਦਾ ਵਰਣਨ ਕਰੋ ਜਿਸ ਨਾਲ ਤੁਸੀਂ ਸੁਰੱਖਿਆ ਲਈ ਅਪਣੀ ਅਰਜ਼ੀ ਦੇ ਸੰਬੰਧ ਵਿੱਚ ਸੰਪਰਕ ਕਰ ਸਕਦੇ ਹੋ:

| ਸੰਸਥਾ | ਫੰਕਸ਼ਨ |
|---|---|
| Irish Naturalisation and Immigration Service,<br>Department of Justice and Equality.<br>13 – 14 Burgh Quay,<br>Dublin 2. D02<br>XK70<br><br>ਟੈਲੀਫੋਨ: +353 1 616 7700<br>ਲੋ-ਕਾਲ:1890 551 500<br>ਵੈਬਸਾਈਟ: www.inis.gov.ie | ਆਇਰਿਸ਼ ਨੈਚੁਰਾਲਾਇਜੇਸ਼ਨ ਅਤੇ ਇਮੀਗ੍ਰੇਸ਼ਨ ਸਰਵਿਸ (INIS) ਪਨਾਹ, ਇਮੀਗ੍ਰੇਸ਼ਨ (ਵੀਜਿਆਂ ਸਮੇਤ) ਅਤੇ ਨਾਗਰਿਕਤਾ ਦੇ ਮਾਮਲਿਆਂ ਦੇ ਸੰਬੰਧ ਵਿੱਚ ਨਿਆਂ ਅਤੇ ਬਰਾਬਰਤਾ ਮੰਤਰਾਲੇ ਦੇ ਪ੍ਰਸ਼ਾਸ਼ਨਿਕ ਕਾਰਜਾਂ ਦੇ ਸੰਚਾਲਨ ਲਈ ਜਿੰਮੇਵਾਰ ਹੈ। INIS ਇਮੀਗ੍ਰੇਸ਼ਨ ਅਤੇ ਪਨਾਹ ਮਾਮਲਿਆਂ ਤੱਕ ਇੱਕ ਸੰਪੂਰਣ ਸਰਕਾਰੀ ਪਹੁੰਚ ਦੀ ਸੁਵਿਧਾ ਵੀ ਪ੍ਰਦਾਨ ਕਰਦਾ ਹੈ, ਜਿਹੜਾ ਇਨ੍ਹਾਂ ਖੇਤਰਾਂ ਵਿੱਚ ਵਧੇਰੇ ਨਿਪੁੰਨ ਸੇਵਾ ਨੂੰ ਸਮਰੱਥ ਬਣਾਉਂਦਾ ਹੈ। |
| International Protection Office<br>Irish Naturalisation and Immigration Service,<br>79-83 Lower Mount Street,<br>Dublin 2.<br>D02 ND99<br><br>ਟੈਲੀਫੋਨ: +353 1 602 8000<br>ਫੈਕਸ: + 353 1 602 8122<br>ਈਮੇਲ: info@ipo.gov.ie<br>ਵੈਬਸਾਈਟ: www.ipo.gov.ie | ਅੰਤਰਰਾਸ਼ਟਰੀ ਸੁਰੱਖਿਆ ਦਫ਼ਤਰ (IPO) ਦਾ ਮੁੱਖ ਕੰਮ, ਹੋਰ ਕੰਮਾਂ ਦੇ ਨਾਲ ਨਾਲ, ਅੰਤਰਰਾਸ਼ਟਰੀ ਸੁਰੱਖਿਆ ਐਕਟ 2015 ਦੇ ਪ੍ਰਾਵਧਾਨਾਂ ਅਨੁਸਾਰ ਸੁਝਾਵ ਤਿਆਰ ਕਰਨਾ ਹੈ ਕਿ ਕੀ ਇੱਕ ਵਿਅਕਤੀ ਸਟੇਟ (ਆਇਰਲੈਂਡ) ਵਿੱਚ ਅੰਤਰਰਾਸ਼ਟਰੀ ਸੁਰੱਖਿਆ ਦਾ ਹੱਕਦਾਰ ਹੈ। ਜੇਕਰ ਸੁਰੱਖਿਆ ਬਿਨੈਕਾਰ ਹੱਕਦਾਰ ਨਾ ਹੋਵੇ, IPO ਇਸ ਤੇ ਵੀ ਵਿਚਾਰ ਕਰਦਾ ਹੈ ਕਿ ਉਸ ਨੂੰ ਰੀਫਾਊਲਮੈਂਟ ਆਦਿ ਨੂੰ ਧਿਆਨ ਵਿੱਚ ਰੱਖਦੇ ਹੋਏ ਦੂਜੇ ਆਧਾਰਾਂ ਤੇ ਸਟੇਟ (ਆਇਰਲੈਂਡ) ਵਿੱਚ ਬਣੇ ਰਹਿਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। |
| International Protection Appeals Tribunal<br>6/7 Hanover Street,<br>Dublin 2.<br>D02 W320<br><br>ਟੈਲੀਫੋਨ: +353 1 474 8400<br>ਲੋ-ਕਾਲ: 1890 210 458<br>ਫੈਕਸ: +353 1 474 8410<br>ਈਮੇਲ: info@protectionappeals.ie<br>ਵੈਬਸਾਈਟ: www.protectionappeals.ie | ਅੰਤਰਰਾਸ਼ਟਰੀ ਸੁਰੱਖਿਆ ਅਪੀਲਜ਼ ਟ੍ਰਿਬਿਊਨਲ (IPAT) ਦਾ ਮੁੱਖ ਕੰਮ IPO ਦੇ ਖਿਲਾਫ਼ ਨੈਗੇਟਿਵ ਸੁਝਾਵਾਂ ਤੇ ਫੈਸਲਾ ਕਰਨਾ ਹੈ। ਇੱਕ ਅਪੀਲ ਤੇ IPAT ਦੇ ਇੱਕ ਮੈਂਬਰ ਦੁਆਰਾ ਕੰਮ ਕੀਤਾ ਜਾਂਦਾ ਹੈ। |

| ਸੰਸਥਾ | ਫੰਕਸ਼ਨ |
|---|---|
| Reception and Integration Agency.<br>P.O. Box 11487<br>Dublin 2.<br><br>ਟੈਲੀਫੋਨ: + 353 1 418 3200<br>ਫੈਕਸ: +353 1 4183271<br>ਈਮੇਲ: RIA_Inbox@justice.ie<br>ਵੈਬਸਾਈਟ: www.ria.gov.ie | ਰਿਸੈਪਸ਼ਨ ਅਤੇ ਇੰਟੀਗ੍ਰੇਸ਼ਨ ਏਜੰਸੀ (RIA) ਸੁਰੱਖਿਆ ਬਿਨੈਕਾਰਾਂ ਲਈ ਪ੍ਰਦਾਨ ਕੀਤੀ ਰਿਹਾਇਸ਼ ਅਤੇ ਸੰਬੰਧਿਤ ਸੇਵਾਵਾਂ ਲਈ ਜ਼ਿੰਮੇਵਾਰ ਹੁੰਦੀ ਹੈ। ਇਹ ਸੇਵਾਵਾਂ ਸੁਰੱਖਿਆ ਬਿਨੈਕਾਰਾਂ ਲਈ ਰਿਹਾਇਸ਼, ਹੈਲਥ ਕੇਅਰ, ਸਿੱਖਿਆ, ਭਲਾਈ ਦੇ ਪ੍ਰਾਵਧਾਨ ਨੂੰ ਸ਼ਾਮਲ ਕਰਦੀਆਂ ਹਨ। |
| United Nations High Commissioner for Refugees.<br>102 Pembroke Road,<br>Ballsbridge,<br>Dublin 4.<br>D04 E7N6<br><br>ਟੈਲੀਫੋਨ: 01 631 4510<br>ਵੈਬਸਾਈਟ: www.unhcr.org | ਸ਼ਰਨਾਰਥੀਆਂ ਲਈ ਯੂਨਾਈਟਿਡ ਨੇਸ਼ਨਜ਼ ਹਾਈ ਕਮਿਸ਼ਨਰ (UNHCR) ਨੂੰ ਸ਼ਰਨਾਰਥੀਆਂ ਦੇ ਹਿੱਤਾਂ ਨੂੰ ਸੁਰੱਖਿਅਤ ਕਰਨ ਲਈ 1951 ਵਿੱਚ ਸਥਾਪਿਤ ਕੀਤਾ ਗਿਆ ਸੀ। UNHCR ਦੇ ਕੰਮ ਨੂੰ ਮਾਨਵੀ, ਸਮਾਜਿਕ ਅਤੇ ਗੈਰ-ਰਾਜਨੀਤਿਕ ਵਜੋਂ ਪ੍ਰਭਾਸ਼ਿਤ ਕੀਤਾ ਗਿਆ ਹੈ। ਇਸ ਦੇ ਮੁੱਖ ਕੰਮ ਸ਼ਰਨਾਰਥੀਆਂ ਨੂੰ ਅੰਤਰਰਾਸ਼ਟਰੀ ਸੁਰੱਖਿਆ ਪ੍ਰਦਾਨ ਕਰਨਾ, ਉਨ੍ਹਾਂ ਦੀਆਂ ਹਾਲਤਾਂ ਲਈ ਟਿਕਾਊ ਸਮਾਧਾਨਾਂ ਦੀ ਤਲਾਸ਼ ਕਰਨਾ ਅਤੇ ਉਨ੍ਹਾਂ ਨੂੰ ਪਦਾਰਥਕ ਸਹਾਇਤਾ ਪ੍ਰਦਾਨ ਕਰਨਾ। ਸੁਰੱਖਿਆ ਵਿੱਚ ਸ਼ਾਮਲ ਹੈ ਰੀਫਾਊਲਮੈਂਟ ਦੀ ਰੋਕਥਾਮ ਕਰਨਾ ਭਾਵ ਇੱਕ ਦੇਸ਼ ਲਈ ਸ਼ਰਨਾਰਥੀ ਦੀ ਜਬਰਦਸਤੀ ਵਾਪਸੀ ਜਿੱਥੇ ਉਸ ਨੂੰ ਮਾਰਨ ਦਾ ਡਰ ਹੁੰਦਾ ਹੈ। ਪਹਿਲੀ ਅਤੇ ਅਪੀਲ ਦੀ ਸਟੇਜ਼ ਦੋਹਾਂ ਤੇ ਅਰਜ਼ੀਆਂ ਦੀ ਪ੍ਰਕਿਰਿਆ ਬਾਰੇ UNHCR ਨੂੰ ਸੂਚਿਤ ਕਰਨ ਲਈ ਵਿਧੀਆਂ ਬਣਾਈਆਂ ਗਈਆਂ ਹਨ। UNHCR ਕਿਸੇ ਵੀ ਅਰਜ਼ੀ ਨਾਲ ਸੰਬੰਧਿਤ ਕੋਈ ਵੀ ਇੰਟਰਵਿਊ ਜਾਂ ਅਪੀਲ ਦੀਆਂ ਸੁਣਵਾਈਆਂ ਜਾਂ ਲਿਖਤੀ ਦਾਖਲਿਆਂ ਵਿੱਚ ਸ਼ਾਮਲ ਹੋ ਸਕਦੀ ਹੈ |
| International Organisation for Migration.<br>116 Lower Baggot Street,<br>Dublin 2.<br>D02 R252<br><br>ਫਰੀਫੋਨ: 1800 406 406<br>ਟੈਲੀਫੋਨ: +353 1 676 0655<br>ਈਮੇਲ: iomdublin@iom.int<br>ਵੈਬਸਾਈਟ: www.ireland.iom.int/ | ਮਾਈਗ੍ਰੇਸ਼ਨ ਲਈ ਇੰਟਰਨੈਸ਼ਨ ਸੰਗਠਨ (IOM) ਪਨਾਹ ਮੰਗਣ ਵਾਲਿਆਂ ਅਤੇ ਗੈਰ-ਯੂਰਪੀਅਨ ਇਕਨਾਮਿਕ ਖੇਤਰ (EEA) ਤੋਂ ਅਨਿਯਮਿਤ ਪ੍ਰਵਾਸੀਆਂ ਲਈ ਗੁਪਤ ਸਹਾਇਤਾ ਦੀ ਪੇਸ਼ਕਸ਼ ਕਰਦੀ ਹੈ ਜਿਹੜੇ ਸਵੈ ਇੱਛਾ ਨਾਲ ਆਪਣੇ ਮੂਲ ਦੇਸ਼ ਨੂੰ ਪਰਤਣ ਦੀ ਇੱਛਾ ਰੱਖਦੇ ਹਨ ਅਤੇ ਜਿਨ੍ਹਾਂ ਕੋਲ ਅਜਿਹਾ ਕਰਨ ਲਈ ਸਾਧਨ ਅਤੇ/ਜਾਂ ਯਾਤਰਾ ਦਸਤਾਵੇਜ਼ ਨਹੀਂ ਹੁੰਦੇ ਹਨ। |

| ਸੰਸਥਾ | ਫੰਕਸ਼ਨ |
|---|---|
| Legal Aid Board (Smithfield).<br>48/49 North Brunswick Street,<br>Georges Lane,<br>Dublin 7.<br>D07 PE0C<br><br>ਟੈਲੀਫੋਨ: (01) 646 9600<br>ਫੈਕਸ: (01) 671 0200<br>ਈਮੇਲ:lawcentresmithfield@legalaidboard.ie<br><br>Legal Aid Board (Cork)<br>Popes Quay Law Centre,<br>North Quay House,<br>Popes Quay,<br>Cork<br>T23 TV0C<br><br>ਟੈਲੀਫੋਨ: + 353 21 455 16 86<br>ਫੈਕਸ: +353 21 455 1690<br>ਈਮੇਲ:lawcentrecorknorth@legalaidboard.ie<br><br>Galway Law Centre (Seville House)<br>Seville House<br>New Dock Road<br>Galway<br>H91 CKVO<br>ਟੈਲੀਫੋਨ: +353 91 562 480<br>ਫੈਕਸ: +353 91 562 599<br>ਈਮੇਲ:lawcentresevillehouse@legalaidboard.ie | ਆਇਰਲੈਂਡ ਵਿੱਚ ਅੰਤਰਰਾਸ਼ਟਰੀ ਸੁਰੱਖਿਆ ਲਈ ਬਿਨੈਕਾਰ ਸੁਰੱਖਿਆ ਅਤੇ ਕਿਸੇ ਵੀ ਅਪੀਲ ਲਈ ਆਪਣੀ ਅਰਜ਼ੀ ਵਿੱਚ ਮਦਦ ਲਈ ਸਿਵਲ ਕਾਨੂੰਨੀ ਸਹਾਇਤਾ ਅਤੇ ਸੁਝਾਵ ਲਈ ਅਪਲਾਈ ਕਰ ਸਕਦੇ ਹਨ, ਜੇਕਰ ਇੰਟਰਨੈਸ਼ਨਲ ਸੁਰੱਖਿਆ ਅਪੀਲਜ਼ ਟ੍ਰਿਬਿਊਨਲ ਲਈ ਲੋੜੀਂਦਾ ਹੋਵੇ। |
| ਸ਼ਰਣ ਪ੍ਰਾਪਤ ਕਰਨ ਵਾਲੇ<br>ਅਲੱਗ ਹੋਏ ਬੱਚਿਆਂ ਲਈ ਟੀਮ,<br>TUSLA- Child and Family Agency<br>Sir Patrick Dun's Hospital,<br>Lower Grand Canal Street,<br>Dublin 2.<br>D02 P667<br><br>ਟੈਲੀਫੋਨ: +353 1 647 7000<br>ਫੈਕਸ: +353 1 647 7008<br>ਵੈਬਸਾਈਟ: www.tusla.ie | TUSLA – ਬਾਲ ਅਤੇ ਪਰਿਵਾਰ<br>ਏਜੰਸੀ ਰਿਹਾਇਸ਼, ਮੈਡੀਕਲ ਅਤੇ ਸਮਾਜਿਕ ਲੋੜਾਂ ਵਰਗੇ ਖੇਤਰਾਂ ਵਿੱਚ ਅੰਤਰਰਾਸ਼ਟਰੀ ਸੁਰੱਖਿਆ ਮੰਗਣ ਵਾਲੇ ਅਲੱਗ ਹੋਏ ਬੱਚਿਆਂ ਦੀ ਤਤਕਾਲ ਅਤੇ ਚਲੰਤ ਲੋੜਾਂ ਲਈ ਜਿੰਮੇਵਾਰ ਹੈ। |

| **ਸੰਸਥਾ** | **ਫੰਕਸ਼ਨ** |
|---|---|
| The Irish Red Cross Society.<br>16 Merrion Square North,<br>Dublin 2.<br>D02 XF85<br><br>ਟੈਲੀਫੋਨ: +353 1 642 4600<br>ਫੈਕਸ: +353 1 661 4461<br>ਈਮੇਲ: info@redcross.ie http://www.redcross.ie | ਆਇਰਿਸ਼ ਰੈਡ ਕਰੌਸ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਆਪਣੇ ਸਵੈ-ਸੇਵਕਾਂ ਦੇ ਨੈਟਵਰਕ ਦੁਆਰਾ ਐਮਰਜੈਂਸੀ ਅਤੇ ਮਾਨਵੀ ਰਾਹਤ ਦਾ ਪ੍ਰਾਵਧਾਨ ਪ੍ਰਦਾਨ ਕਰਨ ਲਈ ਸਮਰਪਿੱਤ ਹੈ। |